MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan

SATNAM
SAROYA
MORTGAGE SPECIALIST
HOMEKEY
604.760.9172
# 384-8148 128 St., Surrey
6303 Fraser St.,Vancouver

ਕੈਨੇਡਾ
# ਪੰਜਾਬ ਲਿੰਕ
WEEKLY NEWSPAPER VOL.: 09 ISSUE: 41 SATURDAY, 9 OCTOBER, 2021
www.punjablinkpaper.com 604-503-5465

Super Visa
Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
• ਲਾਇਫ ਇੰਸ਼ੋਰੈਂਸ • ਟ੍ਰੈਵਲ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• RESP,RRSP's
• ਮੋਰਟਗੇਜ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
• ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com

# ਕੈਨੇਡੀਅਨ ਹਵਾਈ ਅੱਡਿਆਂ 'ਤੇ ਹਵਾਈ ਤੇ ਰੇਲ ਯਾਤਰੀਆਂ ਲਈ 30 ਨਵੰਬਰ ਤੱਕ ਟੀਕਾਕਰਣ ਲਾਜ਼ਮੀ ਕਰਾਰ

## ਫੈਡਰਲ ਮੁਲਾਜ਼ਮਾਂ ਲਈ ਵੀ ਟੀਕਾਕਰਣ ਲਾਜ਼ਮੀ

ਓਟਵਾ-ਫੈਡਰਲ ਸਰਕਾਰ ਨੇ ਐਲਾਨ ਕੀਤਾ ਕਿ ਕੈਨੇਡੀਅਨ ਹਵਾਈ ਅੱਡਿਆਂ 'ਤੇ ਉਡਾਨਾਂ ਵਿਚ ਸਵਾਰ ਹੋਣ ਵਾਲੇ ਜਾਂ ਰੇਲ ਗੱਡੀਆਂ ਰਾਹੀਂ ਸਫਰ ਕਰਨ ਵਾਲੇ ਯਾਤਰੀਆਂ ਨੂੰ 30 ਅਕਤੂਬਰ ਤੋਂ ਟੀਕਾਕਰਣ ਜਾਂ ਕੋਵਿਡ-19 ਟੈਸਟ ਦੇ ਨੈਗੇਟਿਵ ਨਤੀਜੇ ਦਾ ਸਬੂਤ ਦਿਖਾਉਣਾ ਪਵੇਗਾ। 30 ਨਵੰਬਰ ਤੋਂ ਟੈਸਟਿੰਗ ਵਿਕਲਪ ਨੂੰ ਰੱਦ ਕਰ ਦਿੱਤਾ ਜਾਵੇਗਾ ਅਤੇ ਯਾਤਰੀਆਂ ਨੂੰ ਮੁਕੰਮਲ ਟੀਕਾਕਰਣ ਤੋਂ ਬਿਨ੍ਹਾਂ ਬਹੁਤ ਘੱਟ ਛੋਟਾਂ ਨਾਲ ਉਡਾਨਾਂ ਜਾਂ ਰੇਲ ਗੱਡੀਆਂ 'ਤੇ ਸਵਾਰ ਨਹੀਂ ਹੋਣ ਦਿੱਤਾ ਜਾਵੇਗਾ।



### ਫੈਡਰਲ ਮੁਲਾਜ਼ਮਾਂ ਲਈ ਵੀ ਟੀਕਾਕਰਣ ਲਾਜ਼ਮੀ

ਉਨ੍ਹਾਂ ਹਜ਼ਾਰਾਂ ਲੋਕਾਂ ਲਈ ਵੀ ਟੀਕਾਕਰਣ ਲਾਜ਼ਮੀ ਹੋਵੇਗਾ ਜਿਹੜੇ ਕੈਨੇਡਾ ਦੀ ਜਨਤਕ ਸੇਵਾ ਵਿਚ ਕੰਮ ਕਰਦੇ ਹਨ ਅਤੇ ਜਿਹੜੇ ਫੈਡਰਲ ਸਰਕਾਰ ਦੇ ਕੰਟਰੋਲ ਵਾਲੇ ਉਦਯੋਗਾਂ ਜਿਵੇਂ ਬੈਂਕਿੰਗ, ਵਿਚ ਕੰਮ ਕਰਦੇ ਹਨ। ਨਵੇਂ ਨਿਯਮ ਫੈਡਰਲ ਸਰਕਾਰ ਵਲੋਂ ਕੋਵਿਡ-19 ਲਾਗ ਦੀ ਤਾਜ਼ਾ ਵੇਵਜ਼ ਨਾਲ ਲੜਨ ਲਈ ਟੀਕਾਕਰਣ ਦਰਾਂ ਵਿਚ ਤੇਜ਼ੀ ਨੂੰ ਹੁਲਾਰਾ ਦੇਣ ਦੀ ਕੋਸ਼ਿਸ਼ ਦਾ ਹਿੱਸਾ ਹੈ। ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਟੀਕਾਕਰਣ ਸ਼ਰਤਾਂ ਦਾ ਮਤਲਬ ਇਹ ਯਕੀਨੀ ਬਣਾਉਣਾ ਹੈ ਕਿ ਲੋਕਾਂ ਦਾ ਛੋਟਾ ਜਿਹਾ ਹਿੱਸਾ ਕੈਨੇਡਾ ਦੀ ਆਰਥਿਕ ਰਿਕਵਰੀ ਨੂੰ ਤੋੜ ਮਰੋੜ ਨਾ ਸਕੇ ਅਤੇ ਚੌਥੀ ਵੇਵ ਜਾਂ ਵੈਰੀਐਂਟਸ ਵਲੋਂ ਸਾਡੇ ਸਾਰਿਆਂ ਲਈ ਮੁਸ਼ਕਿਲਾਂ ਪੈਦਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਸਰਕਾਰ ਨੇ ਕਿਹਾ ਕਿ 29 ਅਕਤੂਬਰ ਸਿਵਲ ਮੁਲਾਜ਼ਮਾਂ ਨੂੰ ਇਹ ਤਸਦੀਕ ਦਾਖਲ ਕਰਨੀ ਪਵੇਗੀ ਕਿ ਉਨ੍ਹਾਂ ਦਾ ਮੁਕੰਮਲ ਟੀਕਾਕਰਣ ਹੋ ਗਿਆ ਹੈ ਜਾਂ ਸਮੇਂ ਦੀ ਹੱਦ ਪਿਛੋਂ ਦੋ ਹਫ਼ਤਿਆਂ ਲਈ ਬਿਨ੍ਹਾਂ ਤਨਖਾਹ ਦੇ ਖ਼ਤਰੇ ਦਾ ਸਾਹਮਣਾ ਕਰਨ ਲਈ ਤਿਆਰ ਰਹਿਣ। ਉਨ੍ਹਾਂ ਨੂੰ ਟੀਕਾਕਰਣ ਦਾ ਕੋਈ ਸਬੂਤ ਪੇਸ਼ ਕਰਨ ਦੀ ਲੋੜ ਨਹੀਂ ਹੋਵੇਗੀ ਇਸ ਦੀ ਬਜਾਏ ਕੁਝ ਤਸਦੀਕਾਂ ਦੀ ਜਾਂਚ ਲਈ ਆਡਿਟ ਕੀਤੇ ਜਾਣਗੇ। ਨਿਯਮ ਆਰਸੀਐਮਪੀ ਸਮੇਤ ਸਿਵਲ ਸੇਵਾਵਾਂ ਦੇ ਕੋਰ ਮੈਂਬਰਾਂ 'ਤੇ ਲਾਗੂ ਹੋਣਗੇ। ਕੈਨੇਡੀਅਨ ਫ਼ੌਜ ਜਿਥੇ ਪਹਿਲਾਂ ਹੀ 90 ਫ਼ੀਸਦੀ ਤਕ ਟੀਕਾਕਰਣ ਹੋ ਚੁੱਕਾ ਹੈ ਵੀ ਲਾਜ਼ਮੀ ਟੀਕਾਕਰਣ ਲਈ ਹਦਾਇਤ ਜਾਰੀ ਕਰੇਗੀ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਨਵੇਂ ਉਪਾਅ ਵਿਸ਼ਵ ਵਿਚ ਸਭ ਤੋਂ ਵੱਧ ਮਜ਼ਬੂਤ ਹਨ। ਜਦੋਂ ਤੁਹਾਨੂੰ ਤੇ ਤੁਹਾਡੇ ਪਰਿਵਾਰ ਨੂੰ ਸੁਰੱਖਿਅਤ ਰੱਖਣ ਤੇ ਜਦੋਂ ਹਰ ਇਕ ਦੇ ਲਾਕਡਾਊਨ ਤੋਂ ਬਚਣ ਦੀ ਗੱਲ ਆਉਂਦੀ ਹੋਵੇ ਤਾਂ ਅੱਧੇ ਉਪਾਵਾਂ ਦਾ ਸਮਾਂ ਨਹੀਂ। ਟਰੂਡੋ ਨੇ ਕਿਹਾ ਕਿ ਆਪਣੇ ਆਪ ਬਾਰੇ ਗਲਤ ਜਾਣਕਾਰੀ ਦੇਣ ਦੇ ਗੰਭੀਰ ਸਿੱਟੇ ਹੋਣਗੇ।

(ਬਾਕੀ ਸਫ਼ਾ 10 'ਤੇ)

## ਲਗਪਗ 267000 ਫੈਡਰਲ ਕਾਮੇ ਨਵੀਂ ਨੀਤੀ ਹੇਠ ਆਉਣਗੇ

ਲਗਪਗ 267000 ਫੈਡਰਲ ਕਾਮੇ ਨਵੀਂ ਨੀਤੀ ਹੇਠ ਆਉਣਗੇ। ਚਾਹੇ ਮੁਲਾਜ਼ਮ ਰਿਮੋਟ ਤੋਂ ਕੰਮ ਕਰਦੇ ਹੋਣ ਜਾਂ ਦਫ਼ਤਰ ਤੋਂ ਅਤੇ ਜੇਕਰ ਉਹ ਕੈਨੇਡਾ ਤੋਂ ਬਾਹਰ ਕੰਮ ਕਰਦੇ ਹੋਣਗੇ ਤਾਂ ਵੀ ਉਨ੍ਹਾਂ 'ਤੇ ਨਵੀਂ ਨੀਤੀ ਲਾਗੂ ਹੋਵੇਗੀ। ਇਹ ਯੋਜਨਾ ਉਨ੍ਹਾਂ ਲੋਕਾਂ ਵਿਚਕਾਰ ਫਰਕ ਕਰਦੀ ਹੈ ਜਿਹੜੇ ਟੀਕਾ ਲਗਵਾਉਣ ਦੇ ਸਮਰਥ ਨਹੀਂ ਅਤੇ ਜਿਹੜੇ ਟੀਕਾ ਲਗਵਾਉਣਾ ਨਹੀਂ ਚਾਹੁੰਦੇ। ਮੈਡੀਕਲ ਕਾਰਨਾਂ ਤੇ ਧਾਰਮਿਕ ਕਾਰਨਾਂ ਕਰਕੇ ਇਸ ਤੋਂ ਛੋਟ ਦਿੱਤੀ ਜਾਵੇਗੀ। ਹਾਲਾਂਕਿ ਇਹ ਰਿਆਇਤ ਕੁਝ ਮਾਪਦੰਡਾਂ ਤਹਿਤ ਦਿੱਤੀ ਜਾਵੇਗੀ। ਇਸ ਵਿਚ ਛੋਟ ਲਈ ਦਸਤਾਵੇਜ਼ੀ ਮੈਡੀਕਲ ਸਬੂਤ ਮੁਹੱਈਆ ਕਰਨਾ ਪਵੇਗਾ ਅਤੇ ਧਾਰਮਿਕ ਕਾਰਨਾਂ ਲਈ ਛੋਟ ਬਦਲੇ ਉਨ੍ਹਾਂ ਦੇ ਧਾਰਮਿਕ ਵਿਸ਼ਵਾਸ਼ਾਂ ਦੀ ਸਹੁੰ ਤਹਿਤ ਤਸਦੀਕ ਕਰਨੀ ਪਵੇਗੀ।

For All Kind of Real Estate Needs
ਕਾਬਲੀਅਤ, ਤਜ਼ੁਰਬਾ ਅਤੇ ਸਮਜਦਾਰੀ...
ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET
DIDDEN
PERSONAL REAL ESTATE CORPORATION
Sutton
WestCoast Realty
604-773-7870
Top 10% Realtor Of Fraser Valley Board
* Stats from Fraser Valley Board 2020-2021
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੋਇਂਟਮੈਂਟ
ARVINDER S. KALSEY AVINEET S. KALSEY
• ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
• ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions
& Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

BALLOWAL MONEY EXCHANGE
#24 - 7711 128 St., Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
Sher Singh Grewal
604-841-6333

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119-12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Punjab
Insurance Agency Inc.
ਸੁਪਰ ਵੀਜ਼ਾ ਇੰਸ਼ੋਰੈਂਸ
• ਲਾਇਫ ਇੰਸ਼ੋਰੈਂਸ • ਮੋਰਟਗੇਜ ਇੰਸ਼ੋਰੈਂਸ
• ਡਿਸੇਬੀਲੀਟੀ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ
• ਕਰਿਟੀਕਲ ਇਲਨੈਸ ਇੰਸ਼ੋਰੈਂਸ
• RRSP & RESP
RASHMI AHUJA 604-603-1313 rashmi@punjabinsurance.ca
www.punjabinsurance.ca
SANDEEP AHUJA, CHS 604-996-6862 sandeepahuja@punjabinsurance.ca

ਇੰਸ਼ੋਰੈਂਸ ਦੇ ਮਾਹਰ
A INSURANCE
• ਲਾਇਫ ਇੰਸ਼ੋਰੈਂਸ
ਸੁਪਰ ਵੀਜ਼ਾ ਇੰਸ਼ੋਰੈਂਸ
• ਮੋਰਟਗੇਜ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ
• ਵਿਜ਼ਟਰ ਇੰਸ਼ੋਰੈਂਸ
• ਟ੍ਰੈਵਲ ਇੰਸ਼ੋਰੈਂਸ
• ਕਰਿਟੀਕਲ ਇਲਨੈਸ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
• ਨੋਨ ਮੈਡੀਕਲ ਇੰਸ਼ੋਰੈਂਸ
• RESP & RRSP's
ਅਮਨਦੀਪ ਦੁੱਗਲ
604-368-2030
604-375-0227
www.amaninsurance.ca

Punjab
Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

PHANTOM
TIRES & REPAIRS
Wholesale Open to Public
New, Used Tires & Wheels
Grease & Oil Change
Brakes & Suspension
Tire Rotation & Tune Ups
Interior Detailing & Wash
Mobile Service Available
Special Oil Change
Starts
$29.99
C: 604.503.8553 | C: 778.891.2159
#109-12885 85 Ave., Surrey
Entrance on 86 Ave next to Dasmesh Darbar

HARB ATHWAL
Real Estate Agent
604-785-5616
ਘਰ ਖਰੀਦਣ ਜਾਂ ਵੇਚਣ ਲਈ ਮਿਲੋ
Specializing in Residential, Commercial & Land Develeopment
investa
PRIME REALTY
www.investaprime.com
Bus: 604-575-1000
#210 - 5620 152 St., Surrey
E: hrathwal@yahoo.com
www.harbathwal.com

ਪ੍ਰਦੇਸੀ
Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ
ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤਸੱਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਓ
Lakhvir Singh Grewal: 778-881-0002


S T & A
Simpson, Thomas & Associates
TRIAL LAWYERS
CELEBRATING 50 YEARS
"The name that you know and trust"
"Simpson, Thomas & Associates are a legal dream team. No other law firm could have fought this claim as it takes a lot of resources to fight a case of this nature."
– Former client commenting on the Jago wedding tragedy
B.C.'s Pioneering Law Firm for Motor Vehicle and Personal Injury Cases
For over 50 years Simpson, Thomas & Associates (formerly Simpson & Company) have been advocates for personal injury victims seeking justice.
A+ Rated
BBB ACCREDITED BUSINESS
"Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved."
– B.Sekhon
Our history of successfully settling ICBC claims has garnered respect from our clients, and within the legal and rehabilitation communities in B.C.
Brain Injury
Paraplegia
Quadriplegia
Spinal Cord Injury
Translation Services Available
STA has support staff fluent in Punjabi, Hindi and Gujarati.
Your Needs Come First
If mobility is a challenge, we can come to you.
Adam Ueland
LAWYER
Call Adam on 604-689-8888 to set up a complimentary consultation or visit our website at simpsonthomas.com
We have offices in Vancouver, Surrey/Delta, Abbotsford* and Burnaby.*
*By appointment only
Caring. Compassionate. Community-Focussed.

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
WEEKLY NEWSPAPER VOL. : 09 ISSUE : 41 SATURDAY, 9 OCTOBER, 2021
www.punjablinkpaper.com 604-503-5465

ਰੇਡੀਓ ਹੁਣ ਤੁਹਾਡੇ ਫੋਨ ਵਿੱਚ
Punjabi Link Radio
App Store
Google play
24 Hour Online Radio
ਪ੍ਰਭ ਕੀ ਬਾਣੀ
6.00am to 8:00am
ਕੁੱਝ ਖਬਰਾਂ ਕੁੱਝ ਗੀਤ
1.00pm to 3:00pm
B.C. Time Mon to Sat
Amarjit Singh
Surrey Studio: 778-564-5642
Office: 1-844-884-8840
www.punjabilinkradio.com

# ਲਖੀਮਪੁਰ ਖੀਰੀ ਵਿਚ ਕਿਸਾਨਾਂ ਨੂੰ ਜੀਪ ਹੇਠ ਦਰੜਨ ਵਾਲੇ ਭਾਜਪਾ ਆਗੂ ਦੇ ਪੁੱਤਰ ਅਸ਼ੀਸ਼ ਮਿਸ਼ਰਾ ਖਿਲਾਫ 302 ਦਾ ਕੇਸ ਦਰਜ-15 ਹੋਰ ਮੁਲਜ਼ਮ ਨਾਮਜ਼ਦ

## • ਕਿਸਾਨ ਆਗੂਆਂ ਵਲੋਂ ਦੋਸ਼ੀਆਂ ਨੂੰ ਤੁਰੰਤ ਗ੍ਰਿਫਤਾਰ ਕਰਨ ਦੀ ਮੰਗ • ਸਿਆਸੀ ਪਾਰਟੀਆਂ ਦੇ ਆਗੂਆਂ ਵੱਲੋਂ ਲਖੀਮਪੁਰ ਵੱਲ ਵਹੀਰਾਂ

ਲਖੀਮਪੁਰ ਖੀਰੀ (ਯੂ. ਪੀ.)-ਕਿਸਾਨ ਆਗੂਆਂ ਵੱਲੋਂ ਬਣਾਏ ਦਬਾਅ ਮਗਰੋਂ ਉੱਤਰ ਪ੍ਰਦੇਸ਼ ਸਰਕਾਰ ਨੇ ਲਖੀਮਪੁਰ ਖੀਰੀ ਹਿੰਸਾ ਮਾਮਲੇ ਵਿੱਚ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਦੇ ਪੁੱਤਰ ਆਸ਼ੀਸ਼ ਮਿਸ਼ਰਾ ਤੇ ਸਾਥੀਆਂ ਖਿਲਾਫ਼ ਧਾਰਾ 302 ਤਹਿਤ ਕੇਸ ਦਰਜ ਕਰਨ ਸਮੇਤ ਕਿਸਾਨਾਂ ਦੀਆਂ ਹੋਰ ਮੰਗਾਂ ਮੰਨ ਲਈਆਂ ਹਨ। ਅੰਦੋਲਨਕਾਰੀ ਕਿਸਾਨਾਂ ਤੇ ਸਥਾਨਕ ਪ੍ਰਸ਼ਾਸਨ ਦਰਮਿਆਨ ਹੋਏ ਸਮਝੌਤੇ ਤਹਿਤ ਇਸ ਪੂਰੇ ਮਾਮਲੇ ਦੀ ਹਾਈ ਕੋਰਟ ਦੇ ਸੇਵਾ ਮੁਕਤ ਜੱਜ ਤੋਂ ਜਾਂਚ ਕਰਵਾਈ ਜਾਵੇਗੀ। ਯੂਪੀ ਪੁਲੀਸ ਨੇ ਇਸ ਪੂਰੇ ਮਾਮਲੇ ਵਿੱਚ ਦੋ ਐੱਫਆਈਆਰ ਦਰਜ ਕੀਤੀਆਂ ਹਨ, ਜਿਨ੍ਹਾਂ ਵਿੱਚ ਆਸ਼ੀਸ਼ ਮਿਸ਼ਰਾ ਸਮੇਤ 15 ਵਿਅਕਤੀਆਂ ਦੇ ਨਾਂ ਸ਼ਾਮਲ ਹਨ। ਇਸੇ ਦੌਰਾਨ ਕਿਸਾਨ ਆਗੂਆਂ ਨੇ ਅਸ਼ੀਸ਼ ਮਿਸ਼ਰਾ ਤੇ ਦੋਸ਼ੀਆਂ ਨੂੰ ਤੁਰੰਤ ਗ੍ਰਿਫਤਾਰ ਕਰਨ ਦੀ ਮੰਗ ਕੀਤੀ ਹੈ ਜਦੋਂਕਿ ਸਿਆਸੀ ਪਾਰਟੀਆਂ ਦੇ ਆਗੂ ਪੀੜਤ ਪਰਿਵਾਰਾਂ ਨਾਲ ਹਮਦਰਦੀ ਲਈ ਲਖੀਮਪੁਰ ਪੁੱਜ ਰਹੇ ਹਨ। ਯੂ ਪੀ ਸਰਕਾਰ ਵਲੋਂ ਬਾਹਰੋਂ ਆਉਣ ਵਾਲੇ ਲੋਕਾਂ ਉਪਰ ਪਾਬੰਦੀ ਦੇ ਹੁਕਮਾਂ ਕਾਰਣ ਕਾਂਗਰਸੀ ਆਗੂ ਪ੍ਰਿਯੰਕਾ ਗਾਂਧੀ ਨੂੰ ਹਿਰਾਸਤ ਵਿਚ ਲੈ ਲਿਆ ਗਿਆ। ਰਾਹੁਲ ਗਾਂਧੀ ਨੂੰ ਕਈ ਘੰਟੇ ਪ੍ਰੇਸ਼ਾਨ ਕੀਤਾ ਗਿਆ। ਪੰਜਾਬ ਦੇ ਡਿਪਟੀ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੂੰ ਵੀ ਹਿਰਾਸਤ ਵਿਚ ਲੈ ਲਿਆ ਗਿਆ। ਤਾਜ਼ਾ ਜਾਣਕਾਰੀ ਮੁਤਾਬਿਕ ਯੂ ਪੀ ਸਰਕਾਰ ਨੇ ਕੁਝ ਸ਼ਰਤਾਂ ਤਹਿਤ ਸਿਆਸੀ ਆਗੂਆਂ ਨੂੰ ਯੂ ਪੀ ਵਿਚ ਪ੍ਰਵੇਸ਼ ਦੀ ਆਗਿਆ ਦਿੱਤੀ ਹੈ। ਸਮਝੌਤੇ ਦੀਆਂ ਹੋਰਨਾਂ ਸ਼ਰਤਾਂ ਵਿੱਚ ਹਿੰਸਾ ਦੌਰਾਨ ਮਾਰੇ ਗਏ ਚਾਰ ਕਿਸਾਨਾਂ ਦੇ ਪਰਿਵਾਰਾਂ ਨੂੰ 45-45 ਲੱਖ ਰੁਪਏ ਦੇ ਮੁਆਵਜ਼ੇ ਦੇ ਨਾਲ ਘਰ ਦੇ ਇਕ ਜੀਅ ਨੂੰ ਸਰਕਾਰੀ ਨੌਕਰੀ ਦੇਣਾ ਵੀ ਸ਼ਾਮਲ ਹੈ। ਜ਼ਖ਼ਮੀਆਂ ਨੂੰ 10 ਲੱਖ ਰੁਪਏ ਦਾ ਮੁਆਵਜ਼ਾ ਮਿਲੇਗਾ। ਸਮਝੌਤੇ ਮਗਰੋਂ ਕਿਸਾਨਾਂ ਨੇ ਆਪਣਾ ਅੰਦੋਲਨ ਵਾਪਸ ਲੈ ਲਿਆ ਤੇ ਪੋਸਟ ਮਾਰਟਮ ਮਗਰੋਂ ਮ੍ਰਿਤਕ ਦੇਹਾਂ ਪੀੜਤ ਪਰਿਵਾਰਾਂ ਨੂੰ ਸੌਂਪ ਦਿੱਤੀਆਂ ਗਈਆਂ ਹਨ। ਉਂਜ ਇਹਤਿਆਤ ਵਜੋਂ ਲਖੀਮਪੁਰ ਖੀਰੀ ਵਿੱਚ ਰੈਪਿਡ ਐਕਸ਼ਨ ਫੋਰਸ ਦੀਆਂ ਦੋ ਕੰਪਨੀਆਂ ਤਾਇਨਾਤ ਕੀਤੀਆਂ ਗਈਆਂ ਹਨ ਤੇ ਪੂਰੇ ਜ਼ਿਲ੍ਹੇ ਵਿੱਚ ਇੰਟਰਨੈੱਟ ਸੇਵਾਵਾਂ ਬੰਦ ਹਨ। ਸੂਬਾ ਸਰਕਾਰ ਦੇ ਸੀਨੀਅਰ ਅਧਿਕਾਰੀਆਂ ਵੱਲੋਂ ਖੁਦ ਪੂਰੇ ਹਾਲਾਤ ’ਤੇ ਨਜ਼ਰ ਰੱਖੀ ਜਾ ਰਹੀ ਹੈ।



### ਕੇਂਦਰੀ ਮੰਤਰੀ ਦਾ ਪੁੱਤਰ ਤਲਬ

ਲਖੀਮਪੁਰ ਖੀਰੀ ਕਾਂਡ ਦੇ ਮੁੱਖ ਮੁਲਜ਼ਮ ਅਤੇ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਦੇ ਪੁੱਤਰ ਆਸ਼ੀਸ਼ ਮਿਸ਼ਰਾ ਨੂੰ ਪੁਲੀਸ ਨੇ ਪੁੱਛ ਪੜਤਾਲ ਲਈ ਤਲਬ ਕੀਤਾ ਹੈ ਪਰ ਇਸ ਗੱਲ ਦਾ ਖੁਲਾਸਾ ਨਹੀਂ ਕੀਤਾ ਗਿਆ ਕਿ ਉਸ ਨੂੰ ਕਦੋਂ ਤਲਬ ਕੀਤਾ ਗਿਆ ਹੈ। ਲਖਨਊ ਜ਼ੋਨ ਦੀ ਆਈਜੀ ਲਕਸ਼ਮੀ ਸਿੰਘ ਨੇ ਦੱਸਿਆ ਕਿ ਕੇਂਦਰੀ ਗ੍ਰਹਿ ਰਾਜ ਮੰਤਰੀ ਦੇ ਪੁੱਤਰ ਅਤੇ ਲਖੀਮਪੁਰ ਘਟਨਾ ਦੇ ਮੁੱਖ ਮੁਲਜ਼ਮ ਆਸ਼ੀਸ਼ ਮਿਸ਼ਰਾ ਨੂੰ ਪੁੱਛ ਪੜਤਾਲ ਲਈ ਬੁਲਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਜੇਕਰ ਆਸ਼ੀਸ਼ ਨਹੀਂ ਆਉਂਦਾ ਤਾਂ ਇਸ ਸਬੰਧੀ ਕਾਨੂੰਨੀ ਪ੍ਰਕਿਰਿਆ ਅਪਣਾਈ ਜਾਵੇਗੀ।

(ਬਾਕੀ ਸਫ਼ਾ 10 ’ਤੇ)

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC

| EDUCATION ASSISTANT $8000 | HEALTH CARE ASSISTANT $5250 | PHARMACY ASSISTANT $5500 | CERTIFIED DENTAL ASSISTANT $14,000 |
|---|---|---|---|
| WAGES:$24-$28 PER HOUR | WAGES:$17-$26.50 PER HOUR | WAGES:$19.61-$27.30 PER HOUR | WAGES:$26-$30 PER HOUR |

ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey
Unit 201-8318 120 St.
Abbotsford
Unit 201-3670 Townline Rd.
South Surrey
Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਨੈਸ਼ਨਲ ਡੇਅ ਫਾਰ ਟਰੁੱਥ ਐਂਡ ਰੀਕੌਂਸੀਲੀਏਸ਼ਨ 'ਤੇ ਟੌਫਿਨੋ ਦਾ ਯਾਤਰਾ ਕਰਨਾ ਗਲਤੀ ਸੀ-ਟਰੂਡੋ

ਓਟਵਾ-ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਪਹਿਲੇ ਟਰੁੱਥ ਐਂਡ ਰੀਕੌਂਸੀਲੀਏਸ਼ਨ ਨੈਸ਼ਨਲ ਡੇਅ 'ਤੇ ਛੁੱਟੀ ਮਨਾਉਣ ਲਈ ਬੀਸੀ ਵਿਚ ਟੌਫਿਨੋ ਦੀ ਯਾਤਰਾ ਕਰਨਾ ਗਲਤੀ ਸੀ ਅਤੇ ਉਹ ਹੁਣ ਸੁਧਾਰ ਕਰਨ ਵਿਚ ਲੱਗਾ ਹੋਇਆ ਹੈ। ਬੁੱਧਵਾਰ ਐਲਾਨ ਦੌਰਾਨ ਟਰੂਡੋ ਨੇ ਵਿਵਾਦ ਨੂੰ ਹੱਲ ਕੀਤਾ ਜਿਸ ਦੀ ਪਿਛਲੇ ਹਫ਼ਤੇ ਸਿਆਸਤਦਾਨਾਂ ਤੇ ਮੂਲ ਵਾਸੀ ਨੇਤਾਵਾਂ ਨੇ ਨਿਖੇਧੀ ਕੀਤੀ ਸੀ। ਉਨ੍ਹਾਂ ਕਿਹਾ ਕਿ 30 ਸਤੰਬਰ ਨੂੰ ਸਫਰ ਕਰਨਾ ਉਨ੍ਹਾਂ ਦੀ ਗਲਤੀ ਸੀ ਅਤੇ ਉਨ੍ਹਾਂ ਨੂੰ ਇਸ ਦਾ ਅਫਸੋਸ ਹੈ। ਟਰੁੱਥ ਐਂਡ ਰੀਕੌਂਸੀਲੀਏਸ਼ਨ ਦਾ ਪਹਿਲਾ ਨੈਸ਼ਨਲ ਡੇਅ ਮੂਲ ਵਾਸੀ ਲੋਕਾਂ ਅਤੇ ਗੈਰ ਮੂਲ ਲੋਕਾਂ ਲਈ ਇਕੋ ਜਿਹੀ ਝਲਕ ਦੇਣ ਅਤੇ ਜੁੜਨ ਅਤੇ ਬੀਤੇ ਸਮੇਂ ਬਾਰੇ ਸੋਚਣ ਪਰ ਭਵਿੱਖ 'ਤੇ ਵੀ ਕੇਂਦਰਿਤ ਹੋਣ ਦਾ ਸਮਾਂ ਸੀ। ਸਾਡੇ ਕਰਨ ਲਈ ਬਹੁਤ ਸਾਰਾ ਕੰਮ ਹੈ ਅਤੇ ਉਹ ਇਹ ਕਰਨ ਲਈ ਵਚਨਬੱਧ ਹੈ। ਟਰੂਡੋ ਨੇ ਦੱਸਿਆ ਕਿ ਉਹ ਟੇਕਐਮਲਪਸ ਟੀ ਸੈਕਵੇਪੈਕ ਜਿਸ ਨੇ ਦਿਨ ਦੀ ਮਾਨਤਾ ਵਜੋਂ ਪਿਛਲੇ ਵੀਰਵਾਰ ਪ੍ਰਧਾਨ ਮੰਤਰੀ ਨੂੰ ਸਮਾਗਮਾਂ ਲਈ ਦੋ ਵਾਰ ਸੱਦਿਆ ਨੂੰ ਜਾਣ ਬਾਰੇ ਸੋਚ ਰਹੇ ਹਨ। ਸਰਕਾਰੀ ਯਾਤਰਾ ਵਿਚ ਇਹ ਦਰਜ ਕਰਨ ਕਿ ਟਰੂਡੋ ਓਟਵਾ ਵਿਚ ਨਿੱਜੀ ਮੀਟਿੰਗਾਂ ਵਿਚ ਸਨ ਦੇ ਬਾਵਜੂਦ ਉਸ ਦੇ ਦਫ਼ਤਰ ਨੇ ਬਾਅਦ ਵਿਚ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਉਹ ਆਪਣੇ ਪਰਿਵਾਰ ਨਾਲ ਸਮਾਂ ਬਿਤਾਉਣ ਲਈ ਵੈਸਟ ਕੋਸਟ ਗਿਆ ਸੀ।



JJB INSURANCE
BBB ACCREDITED BUSINESS
An Independent Insurance Broker
Sarban Singh Sidhu
604-507-6866 #1, 13791, 72 AVE, SURREY (NEAR FRUITICANA)
We Are Specialist In Setting Up New Prorate Co, Fleet, Cargo
Autoplan

| Dwelling | Contents | Liability | Annual Premium |
|---|---|---|---|
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |



HOUSE INSURANCE UP TO 65% DISCOUNT AVAILABLE
*RATES SUBJECT TO CHANGE WITHOUT ANY NOTICE
THESE RATES INCLUDE:-
- REPLACEMENT COST ON DWELLING & CONTENTS
- SEWER BACKUP • CLAIM FREE DISCOUNT
- SENIOR / MORTGAGE FREE DISCOUNT
- HOME PROTECTION DISCOUNT
- NEW HOME DISCOUNT • DEDUCTIBLE DISCOUNT

Life • Critical • Disability • RRSP • RESP • Visitor • Super Visa
Ask for Special Rate for
Super Visa Insurance
Money Back upon Visa Declined
- ਪਹਿਲੀ ਵਾਰ ਘਰ ਖ਼ਰੀਦਣ ਵਾਲਿਆਂ ਲਈ ਸਪੈਸ਼ਲ ਰੇਟ
- ਘਰਾਂ, ਕਾਰਾਂ, ਟਰੱਕਾਂ ਦੀ ਇਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ

Wawanesa Insurance
Call Us Before You Renew / Buy Any Insurance Lien & Accident Search Available

## 17 ਸਾਲਾ ਵਿਅਕਤੀ 'ਤੇ ਨਸ਼ੀਲੀਆਂ ਗੋਲੀਆਂ ਸਮੱਗਲਿੰਗ ਕਰਨ ਦਾ ਦੋਸ਼

ਐਡਮਿੰਟਨ-ਬੀਉਮੌਂਟ ਵਿਚ ਆਰਸੀਐਮਪੀ ਅਫਸਰਾਂ ਨੇ ਹਜ਼ਾਰਾਂ ਗੋਲੀਆਂ ਤੇ ਕੋਡੀਨ ਖੰਘ ਦੀ ਪੀਣ ਵਾਲੀ ਦਵਾਈ ਨਾਲ ਇਕ ਕਿਸ਼ੋਰ ਨੂੰ ਗ੍ਰਿਫਤਾਰ ਕਰਕੇ ਉਸ ਖਿਲਾਫ ਦੋਸ਼ ਲਗਾਏ ਹਨ। ਪੁਲਿਸ ਨੇ ਦੱਸਿਆ ਕਿ 17 ਸਾਲਾ ਇਹ ਕਿਸ਼ੋਰ ਡਰੱਗਸ ਨੂੰ ਸਥਾਨਕ ਪੱਧਰ 'ਤੇ ਵੇਚਦਾ ਸੀ ਅਤੇ ਉਨ੍ਹਾਂ ਨੂੰ ਕੈਨੇਡਾ ਦੇ ਅੰਦਰ ਤੇ ਅੰਤਰਰਾਸ਼ਟਰੀ ਪੱਧਰ 'ਤੇ ਭੇਜਦਾ ਸੀ। ਜਾਂਚ ਅਗਸਤ ਮਹੀਨੇ ਸ਼ੁਰੂ ਕੀਤੀ ਗਈ ਸੀ ਅਤੇ ਇਕ ਅਕਤੂਬਰ 2021 ਨੂੰ ਬੀਉਮੌਂਟ ਵਿਚ ਇਕ ਘਰ ਵਿਖੇ ਤਲਾਸ਼ੀ ਵਾਰੰਟ ਦੀ ਤਾਮੀਲ ਕੀਤੀ ਗਈ ਸੀ। ਆਰਸੀਐਮਪੀ ਨੇ 2900 ਗੋਲੀਆਂ ਅਤੇ 1.5 ਲਿਟਰ ਤੋਂ ਵੀ ਜ਼ਿਆਦਾ ਕੋਡੀਨ ਖੰਘ ਸੀਰਪ ਬਰਾਮਦ ਕੀਤਾ। ਪੁਲਿਸ ਯੂਥ ਕ੍ਰਿਮੀਨਲ ਜਸਟਿਸ ਐਕਟ ਮੁਤਾਬਿਕ ਦੋਸ਼ੀ ਦਾ ਨਾਂਅ ਰਿਲੀਜ ਨਹੀਂ ਕਰੇਗੀ ਅਤੇ ਉਸ ਦਾ ਜੈਂਡਰ ਵੀ ਨਹੀਂ ਦੱਸਿਆ ਗਿਆ। ਕਿਸ਼ੋਰ ਨੂੰ 10 ਦਸੰਬਰ 2021 ਨੂੰ ਲੇਡੂਕ ਵਿਚ ਅਦਾਲਤ ਵਿਚ ਪੇਸ਼ ਹੋਣ ਦੀ ਸ਼ਰਤ 'ਤੇ ਰਿਹਾਅ ਕਰ ਦਿੱਤਾ ਗਿਆ। ਉਹ ਤਸਕਰੀ, ਬਰਾਮਦ ਤੇ ਸਰਕਾਰੀ ਕੰਟਰੋਲ ਵਾਲੇ ਪਦਾਰਥ ਅਤੇ ਅਪਰਾਧ ਦੀ ਕਮਾਈ ਕੋਲ ਰੱਖਣ ਸਮੇਤ ਘੱਟੋ ਘੱਟ 13 ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ।

MORTGAGE
If you are paying more than
1.30%*
(5 Years VIRM 30 Years Ammortization)
Call us NOW to Lower your Rate!
Raj Gill has "NO STRESS MORTGAGE"





RAJ GILL, AMP
604 564 1000
VANCOUVER
Unit 200-6330 Fraser St
@47 Ave & Fraser St
Our Symbol of Care & Service
Superior Mortgage
The Banking Alternative
*Some conditions apply.
SHARNJIT GILL, AMP
604 507 1000
SURREY
Unit 244 8138 128 St
www.quickapproval.ca

SHER TALIB NOTARY PUBLIC
ਨੌਟਰੀ ਪਬਲਿਕ
NOTARIZATIONS
- Affidavits
- Invitation Letters
- Travel Consent Letters
- Statutory Declarations
- Sales & Purchase
- Family Transfer
- Refinancing
- Business Assets Sale Purchase
- Easements, Restrictive Covenants
- Wills & Estate Planning
- Power of Attorney

ਨੌਟਰੀ ਪਬਲਿਕ
- ਰਿਅਲ ਅਸਟੇਟ ਦੀ ਖ਼ਰੀਦ ਅਤੇ ਵੇਚ
- ਇਕਰਾਰਨਾਮਾ ਅਤੇ ਹੋਰ ਨੌਟਰੀ ਸੇਵਾਵਾਂ
- ਵਸੀਅਤਨਾਮਾ
- ਪਾਵਰ ਆਫ ਅਟੌਰਨੀ
- ਮੋਰਟਗੇਜ਼ ਦੀ ਡਾਕੂਮੈਂਟੇਸ਼ਨ
- ਨੌਟਰੀਜ਼ੇਸ਼ਨ
- ਐਫੀਡੇਵਿਟ

BC Notaries
A TRUSTED TRADITION
Services offered in Punjabi, Hindi & English



Sher Talib
M.A (Eco), M.A (ALS)
P: 604-501-9120
F: 604-501-9121
7935 120th Street
Delta BC, V4C 6P6
Email: sher@shernotary.com | www.shernotary.com

# ਨਵਜੋਤ ਸਿੱਧੂ ਦੀ ਅਗਵਾਈ ਹੇਠ ਪੰਜਾਬ ਕਾਂਗਰਸ ਦਾ ਵੱਡਾ ਜਥਾ ਲਖੀਮਪੁਰ ਰਵਾਨਾ

## • ਸਹਾਰਨਪੁਰ ਵਿਖੇ ਰੋਕਣ ਉਪਰੰਤ ਅੱਗੇ ਜਾਣ ਦੀ ਆਗਿਆ ਮਿਲੀ



ਚੰਡੀਗੜ੍ਹ-ਸੂਬਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਸਣੇ ਪੰਜਾਬ ਕਾਂਗਰਸ ਦੇ ਕਈ ਆਗੂਆਂ ਨੂੰ ਅੱਜ ਉੱਤਰ ਪ੍ਰਦੇਸ਼ ਦੇ ਜ਼ਿਲ੍ਹਾ ਸਹਾਰਨਪੁਰ ਦੇ ਇਕ ਪੁਲੀਸ ਥਾਣੇ ਵਿਚ ਹਿਰਾਸਤ 'ਚ ਲਏ ਜਾਣ ਤੋਂ ਕੁਝ ਘੰਟੇ ਬਾਅਦ ਲਖੀਮਪੁਰ ਖੀਰੀ ਜਾਣ ਦੀ ਇਜਾਜ਼ਤ ਦੇ ਦਿੱਤੀ ਗਈ। ਪੰਜਾਬ ਦੇ ਟਰਾਂਸਪੋਰਟ ਮੰਤਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਦੱਸਿਆ ਕਿ ਉੱਤਰ ਪ੍ਰਦੇਸ਼ ਪ੍ਰਸ਼ਾਸਨ ਨੇ ਪੰਜਾਬ ਦੇ 20 ਤੋਂ 25 ਵਿਧਾਇਕਾਂ ਤੇ ਮੰਤਰੀਆਂ ਨੂੰ ਲਖੀਮਪੁਰ ਖੀਰੀ ਜਾਣ ਦੀ ਇਜਾਜ਼ਤ ਦੇ ਦਿੱਤੀ ਹੈ। ਉਨ੍ਹਾਂ ਕਿਹਾ ਕਿ ਉੱਤਰ ਪ੍ਰਦੇਸ਼ ਪੁਲੀਸ ਉਨ੍ਹਾਂ ਨੂੰ ਸ਼ਹਿਰ ਲੈ ਕੇ ਜਾਵੇਗੀ ਜਿੱਥੋਂ ਉਹ ਐਤਵਾਰ ਨੂੰ ਵਿਰੋਧ ਪ੍ਰਦਰਸ਼ਨ ਦੌਰਾਨ ਭੜਕੀ ਹਿੰਸਾ ਵਿਚ ਮਰਨ ਵਾਲੇ ਕਿਸਾਨਾਂ ਦੇ ਪਰਿਵਾਰਾਂ ਨੂੰ ਮਿਲਣਗੇ। ਇਸ ਤੋਂ ਪਹਿਲਾਂ ਸਵੇਰੇ ਚੰਡੀਗੜ੍ਹ ਤੋਂ ਪੰਜਾਬ ਕਾਂਗਰਸ ਦਾ ਵੱਡਾ ਜਥਾ ਸੀਨੀਅਰ ਕਾਂਗਰਸੀ ਆਗੂ ਨਵਜੋਤ ਸਿੰਘ ਸਿੱਧੂ ਦੀ ਅਗਵਾਈ ਹੇਠ ਰਵਾਨਾ ਹੋਇਆ। ਮੀਡੀਆ ਰਿਪੋਰਟਾਂ ਮੁਤਾਬਕ ਕਾਫ਼ਲੇ ਨੂੰ ਸਹਾਰਨਪੁਰ ਵਿੱਚ ਰੋਕ ਲਿਆ ਗਿਆ ਸੀ। ਇਸ ਦੌਰਾਨ ਕਾਫ਼ਲੇ ਵਿੱਚ ਸ਼ਾਮਲ ਲੋਕਾਂ ਨੇ ਬੈਰੀਕੇਡ ਤੋੜ ਦਿੱਤੇ, ਜਿਸ ਕਾਰਨ ਪੁਲੀਸ ਨਾਲ ਉਨ੍ਹਾਂ ਦੀ ਝੜਪ ਹੋ ਗਈ। ਇਸ ਕਾਰਨ ਸਿੱਧੂ, ਕਈ ਮੰਤਰੀਆਂ ਤੇ ਨੇਤਾਵਾਂ ਨੂੰ ਹਿਰਾਸਤ ਵਿੱਚ ਲੈ ਲਿਆ। ਪੁਲੀਸ ਦਾ ਕਹਿਣਾ ਹੈ ਸਿਰਫ ਪੰਜ ਜਣਿਆਂ ਨੂੰ ਜਾਣ ਦੀ ਇਜਾਜ਼ਤ ਹੈ। ਇਸ ਲਈ ਪੂਰਾ ਕਾਫ਼ਿਲਾ ਅੱਗੇ ਨਹੀਂ ਜਾ ਸਕਦਾ। ਇਸ ਤੋਂ ਪਹਿਲਾਂ ਸਿੱਧੂ ਦੀ ਅਗਵਾਈ ਵਿੱਚ ਜ਼ੀਰਕਪੁਰ ਤੋਂ ਕਾਫ਼ਿਲਾ ਰਵਾਨਾ ਹੋਇਆ। ਇਸ ਮੌਕੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਕੈਬਨਿਟ ਮੰਤਰੀ ਪਰਗਟ ਸਿੰਘ, ਵਿਜੈਇੰਦਰ ਸਿੰਗਲਾ ਸਣੇ ਕਈ ਵਿਧਾਇਕ ਵੀ ਸ਼ਾਮਲ ਹੋਏ। ਜਥੇ ਦੀ ਅਗਵਾਈ ਕਰਦਿਆਂ ਨੂੰ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਜਦੋਂ ਜ਼ੁਲਮ ਵਧਦਾ ਜਾਂਦਾ ਹੈ ਤਾਂ ਵਿਰੋਧ ਕਰਨਾ ਵੀ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਮੰਤਰੀ ਦੇ ਪੁੱਤ ਦਾ ਨਾਮ ਕੇਸ ਵਿੱਚ ਦਰਜ ਹੋਣ ਦੇ ਬਾਵਜੂਦ ਗਿ੍ਫ਼ਤਾਰ ਨਹੀਂ ਕੀਤਾ ਗਿਆ। ਉਨ੍ਹਾਂ ਮੰਗ ਕੀਤੀ ਕਿ ਅਜੇ ਮਿਸ਼ਰਾ ਦੇ ਪੁੱਤ ਤੇ ਹੋਰ ਮੁਲਜ਼ਮਾਂ ਨੂੰ ਜਲਦ ਗ੍ਰਿਫ਼ਤਾਰ ਕੀਤਾ ਜਾਵੇ। ਸ੍ਰੀ ਸਿੱਧੂ ਨੇ ਕਿਹਾ ਕਿ ਦੇਸ਼ ਦਾ ਅੰਨਦਾਤਾ ਆਪਣੀ ਹੋਂਦ ਲਈ ਪਿਛਲੇ 10 ਮਹੀਨਿਆਂ ਤੋਂ ਲੜਾਈ ਲੜ ਰਿਹਾ ਹੈ ਇਸ ਦੌਰਾਨ ਵੱਡੀ ਗਿਣਤੀ ਵਿੱਚ ਕਿਸਾਨ ਸ਼ਹੀਦ ਹੋ ਚੁੱਕੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਕਿਸਾਨਾਂ ਦੇ ਨਾਲ ਮੋਢੇ ਨਾਲ ਮੋਢਾ ਲਾ ਕੇ ਖੜ੍ਹੀ ਹੈ। ਜੇਕਰ ਕਿਸਾਨੀ ਦੀ ਰਾਖੀ ਲਈ ਜਾਨ ਵੀ ਦੇਣੀ ਪਈ ਤਾਂ ਖੁਸ਼ੀ- ਖੁਸ਼ੀ ਦੇ ਦੇਵਾਂਗਾ।

# ਭਾਜਪਾ ਐਮ.ਪੀ. ਵਰੁਣ ਗਾਂਧੀ ਨੇ ਕਿਸਾਨਾਂ ਦੇ ਹੱਕ ਵਿਚ ਆਵਾਜ਼ ਚੁੱਕੀ



ਲਖਨਊ-ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸੰਸਦ ਮੈਂਬਰ ਵਰੁਣ ਗਾਂਧੀ ਨੇ ਲਖੀਮਪੁਰ ਖੀਰੀ ਘਟਨਾ ਦਾ ਕਥਿਤ ਵੀਡੀਓ ਟਵਿੱਟਰ ਤੇ ਪੋਸਟ ਕੀਤਾ ਅਤੇ ਕਿਹਾ ਕਿ ਪ੍ਰਦਰਸ਼ਨਕਾਰੀਆਂ ਨੂੰ ਕਤਲ ਕਰਕੇ ਚੁੱਪ ਨਹੀਂ ਕਰਵਾਇਆ ਜਾ ਸਕਦਾ। ਪੀਲੀਭੀਤ ਤੋਂ ਭਾਜਪਾ ਸੰਸਦ ਮੈਂਬਰ ਗਾਂਧੀ ਨੇ ਵੀਡੀਓ ਟਵੀਟ ਕੀਤਾ ਅਤੇ ਕਿਹਾ, 'ਵੀਡੀਓ ਬਿਲਕੁਲ ਸਪਸ਼ਟ ਹੈ। ਪ੍ਰਦਰਸ਼ਨਕਾਰੀਆਂ ਨੂੰ ਕਤਲ ਕਰਕੇ ਚੁੱਪ ਨਹੀਂ ਕਰਵਾਇਆ ਜਾ ਸਕਦਾ। ਨਿਰਦੋਸ਼ ਕਿਸਾਨਾਂ ਦਾ ਖੂਨ ਵਹਾਇਆ ਗਿਆ ਹੈ, ਇਸ ਦੀ ਜਵਾਬਦੇਹੀ ਤੈਅ ਹੋਣੀ ਚਾਹੀਦੀ ਹੈ। ਹੰਕਾਰ ਅਤੇ ਜਬਰ ਜੁਲਮ ਦਾ ਸੁਨੇਹਾ ਹਰ ਕਿਸਾਨ ਦੇ ਦਿਮਾਗ ਵਿੱਚ ਆਉਣ ਤੋਂ ਪਹਿਲਾਂ ਹੀ ਨਿਆਂ ਦਿੱਤਾ ਜਾਣਾ ਚਾਹੀਦਾ ਹੈ।' ਉਨ੍ਹਾਂ ਪੋਸਟ ਕੀਤੇ 37 ਸੈਕਿੰਡ ਦੇ ਵੀਡੀਓ ਵਿੱਚ ਇੱਕ ਤੇਜ਼ ਰਫ਼ਤਾਰ ਥਾਰ ਜੀਪ ਲੋਕਾਂ ਨੂੰ ਪਿੱਛੇ ਤੋਂ ਦਰੜਦੀ ਹੋਈ ਦਿਖਾਈ ਦੇ ਰਹੀ ਹੈ। ਥਾਰ ਦੇ ਪਿੱਛੇ ਇੱਕ ਕਾਲੇ ਅਤੇ ਦੂਜੇ ਚਿੱਟੇ ਰੰਗ ਦੀਆਂ ਦੋ ਐੱਸਯੂਵੀ ਆਉਂਦੀਆਂ ਨਜ਼ਰ ਆ ਰਹੀਆਂ ਹਨ। ਵੀਡੀਓ 'ਚ ਲੋਕਾਂ ਨੂੰ ਚੀਕਦੇ ਤੇ ਰੋਂਣਦਿਆਂ ਸੁਣਿਆ ਜਾ ਸਕਦਾ ਹੈ।

ਸ. ਮੈਹਿੰਗਾ ਸਿੰਘ ਸਰਾਫ਼ ਮੁੱਲਾਂਪੁਰ ਵਾਲੇ

S & S
Jewellers Ltd.



Authorized Dealer
20% OFF SEIKO, PULSAR
ALL Watches
(3 Yrs Limited Warranty)



Specializing in:
22 Kt & 24 Kt
- Ready Made & Custom Made
- Jewellery, Repairs - Lucky Birth Stones
- Appraisals

Diamond Ring 50% Off

Surjit S. Kanda * Avtar S. Kanda
604.582.5849
9269 - 120 St. Delta BC V4C 6R8

DAY AND NIGHT LABOUR LTD.



ਗਰੀਨ ਹਾਊਸ ਵਰਕਰਾਂ ਦੀ ਲੋੜ

• ਸਾਨੂੰ ਗਰੀਨ ਹਾਊਸ ਵਿਚ ਗਰੇਡਿੰਗ ਅਤੇ ਪੈਕਿੰਗ ਕਰਨ ਲਈ ਵਰਕਰਾਂ ਦੀ ਲੋੜ ਹੈ।
• ਸਿਰਫ ਕੈਨੇਡੀਅਨ ਸਿਟੀਜ਼ਨ, ਪੀ.ਆਰ. ਹੋਲਡਰ ਅਤੇ ਓਪਨ ਵਰਕ ਪਰਮਿਟ ਵਾਲੇ ਹੀ ਸੰਪਰਕ ਕਰਨ।
• ਵਧੀਆ ਤਨਖਾਹ ਦਿੱਤੀ ਜਾਵੇਗੀ।
• ਸਰੀ, ਡੈਲਟਾ ਤੋਂ ਘਰੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।
• ਸਾਨੂੰ ਨਰਸਰੀ ਵਰਕਰਾਂ ਦੀ ਵੀ ਲੋੜ ਹੈ।

ਅੱਜ ਹੀ ਸੰਪਰਕ ਕਰੋ:
ਸੰਨੀ ਸੰਧਰ 604-727-2421

ਸੰਪਾਦਕੀ

# ਸਿੱਧੂ ਦਾ 'ਜਜ਼ਬਾਤੀਪਨ' ਬਨਾਮ ਕਾਂਗਰਸ ਹਾਈਕਮਾਨ ਦਾ ਦਲਿਤ ਪੱਤਾ...

**ਸੁਖਵਿੰਦਰ ਸਿੰਘ ਚੋਹਲਾ**

ਕਹਿੰਦੇ ਨੇ ਭਾਵੁਕ ਤੇ ਜਜ਼ਬਾਤੀ ਇਨਸਾਨ ਅਕਸਰ ਦਿਲ ਤੇ ਦਿਮਾਗ ਦੀ ਕਸ਼ਮਕਸ਼ ਦੌਰਾਨ ਕਈ ਅਜਿਹੇ ਫੈਸਲੇ ਲੈ ਲੈਂਦਾ ਹੈ ਜਿਹਨਾਂ ਦਾ ਵਕਤੀ ਤੌਰ ਨੁਕਸਾਨ ਜ਼ਿਆਦਾ ਤੇ ਲਾਭ ਘੱਟ ਹੁੰਦਾ ਹੈ। ਨਫੇ- ਨੁਕਸਾਨ ਦਾ ਹਿਸਾਬ ਅਤੇ ਗਿਣਤੀਆਂ ਮਿਣਤੀਆਂ ਤਾਂ ਖੇਡ ਹੀ ਦਿਮਾਗੀ ਹੈ ਤੇ ਦਿਲ ਦਾ ਦਿਮਾਗੀ ਫੈਸਲਿਆਂ ਉਪਰ ਭਾਰੂ ਪੈਣਾ ਨੁਕਸਾਨ ਤੈਅ ਹੈ। ਹਾਂ ਜਜ਼ਬਾਤੀ ਬੰਦਾ ਮਨ ਦੀ ਅਦਾਲਤ ਵਿਚ ਸੱਚਾ ਤਾਂ ਹੋ ਸਕਦਾ ਹੈ ਪਰ ਉਸ ਸੱਚ ਵਾਸਤੇ ਦਿਮਾਗੀ ਕਾਰੋਬਾਰ ਵਿਚ ਕੋਈ ਥਾਂ ਨਹੀ। ਸਿਆਸਤ ਵੀ ਇਕ ਅਜਿਹਾ ਸ਼ੋਹਬਾ ਹੈ ਜਿਸ ਵਿਚ ਜਜ਼ਬਾਤ ਨਾਲੋ ਦਿਮਾਗ ਤੇ ਠਰੰਮੇ ਤੋ ਵਧੇਰੇ ਕੰਮ ਲੈਣ ਦੀ ਲੋੜ ਹੁੰਦੀ ਹੈ। ਇਤਿਹਾਸ ਵਿਚ ਵੀ ਅਨੇਕਾਂ ਅਜਿਹੀਆਂ ਉਦਾਹਰਣਾਂ ਹਨ ਜਦੋ ਕਿਸੇ ਸਿਆਸਤਦਾਨ ਵਲੋ ਜਜ਼ਬਾਤੀ ਵਹਿਣ ਅਤੇ ਕਾਹਲ ਵਿਚ ਲਏ ਫੈਸਲਿਆਂ ਦਾ ਖਮਿਆਜ਼ਾ ਪਾਰਟੀਆਂ ਜਾਂ ਉਸ ਫੈਸਲੇ ਨਾਲ ਜੁੜੇ ਆਵਾਮ ਨੂੰ ਸਹਿਣ ਕਰਨਾ ਪਿਆ ਹੈ। ਜਨਤਕ ਜੀਵਨ ਅਤੇ ਸਿਆਸਤ ਵਿਚ ਵਿਚਰਨ ਵਾਲੇ ਕਿਸੇ ਵੀ ਵਿਅਕਤੀ ਵਿਸ਼ੇਸ਼ ਜਾਂ ਆਗੂ ਦੇ ਕਿਰਦਾਰ ਵਿਚ ਠਹਿਰਾਓ ਤੇ ਸ਼ਾਂਤ ਸੁਭਾਅ ਦਾ ਹੋਣਾ ਅਤਿ ਜ਼ਰੂਰੀ ਮੰਨਿਆ ਜਾਂਦਾ ਹੈ। ਪਿਛਲੇ ਦਿਨੀਂ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਵਲੋ ਅਚਾਨਕ ਅਸਤੀਫਾ ਦੇਣ ਦੇ ਫੈਸਲੇ ਨੂੰ ਜਜ਼ਬਾਤੀ ਜਾਂ ਉਪ ਭਾਵੁਕਤਾ ਨਾਲ ਜੋੜਿਆ ਜਾ ਸਕਦਾ ਹੈ। ਸਿੱਧੂ ਦਾ ਕਈ ਅੜਿਚਣਾਂ ਪਾਰ ਕਰਦਿਆਂ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਤੱਕ ਪੁੱਜਣਾ ਤੇ ਪੰਜਾਬ ਦੇ ਲੋਕਾਂ ਨੂੰ 'ਪੰਜਾਬ ਏਜੰਡੇ' ਦੇ ਨਾਮ ਹੇਠ ਇਕ ਸੁਪਨੇ ਨਾਲ ਜੋੜਨ ਦੀ ਮੁਹਿੰਮ ਅਜੇ ਸ਼ੁਰੂ ਹੀ ਹੋਈ ਸੀ। ਉਹ ਕੈਪਟਨ ਅਮਰਿੰਦਰ ਸਿੰਘ ਵਰਗੇ ਘਾਗ ਸਿਆਸਤਦਾਨ ਨੂੰ ਠਿੱਬੀ ਲਗਾਉਣ ਵਿਚ ਕਾਮਯਾਬ ਵੀ ਹੋਏ ਤੇ ਆਪਣੀ ਇਸ ਮੁਹਿੰਮ ਨੂੰ ਅੱਗੇ ਤੋਰਦੇ ਹੋਏ ਨਜ਼ਰ ਵੀ ਆਏ ਕਿ ਅਚਾਨਕ ਅਸਤੀਫੇ ਦੀ ਖਬਰ ਨੇ ਸਭ ਨੂੰ ਹੈਰਾਨੀ ਤੇ ਪ੍ਰੇਸ਼ਾਨੀ ਵਿਚ ਪਾ ਦਿੱਤਾ। ਭਲਾ ਕੋਈ ਆਗੂ ਇਸ ਤਰਾਂ ਵੀ ਅਸਤੀਫਾ ਦਿੰਦਾ ਹੈ? ਨਵੇ ਬਣਾਏ ਮੁੱਖ ਮੰਤਰੀ ਨੂੰ ਅਜੇ 8 ਦਿਨ ਹੀ ਬੀਤੇ ਸਨ ਤੇ ਨਵਾਂ ਮੰਤਰੀ ਮੰਡਲ ਸਹੁੰ ਚੁੱਕਣ ਉਪਰੰਤ ਅਜੇ ਵਧਾਈਆਂ ਲੈਣ ਵਿਚ ਹੀ ਮਸਰੂਫ ਸੀ ਕਿ ਸਿੱਧੂ ਦੇ ਅਸਤੀਫੇ ਨੇ ਸਭ ਦਾ ਮਜ਼ਾ ਕਿਰਕਰਾ ਕਰ ਦਿੱਤਾ। ਆਪਣੇ ਨਵੇ ਦਫਤਰਾਂ ਵਿਚ ਕੁਰਸੀਆਂ ਤੇ ਬੈਠਣ ਦੀ ਥਾਂ ਅਸਤੀਫਿਆਂ ਦੀਆਂ ਖਬਰਾਂ ਨੇ ਨਵੀ ਬਣੀ ਚੰਨੀ ਸਰਕਾਰ ਦੀ ਹਾਸੋਹੀਣੀ ਸਥਿਤੀ ਦੇ ਨਾਲ ਹਾਈਕਮਾਨ ਨੂੰ ਵੀ ਅਜੀਬ ਸਥਿਤੀ ਵਿਚ ਫਸਾ ਦਿੱਤਾ। ਉਹ ਕਾਂਗਰਸ ਹਾਈਕਮਾਨ ਜੋ ਭਾਜਪਾ ਦੇ ਹਿੰਦੂ ਪੱਤੇ ਦੇ ਜਵਾਬ ਵਿਚ ਦਲਿਤ ਪੱਤਾ ਖੇਡਦਿਆਂ ਨਵੀਆਂ ਵਿਉਂਤਬੰਦੀਆਂ ਵਿਚ ਮਸਰੂਫ ਸੀ ਮੁਲਕ ਦੇ ਤੇਜ਼ ਤਰਾਰ ਆਗੂ ਕਨ੍ਹੱਈਆ ਕੁਮਾਰ ਤੇ ਜਿਗਨੇਸ਼ ਮੇਵਾਨੀ ਨੂੰ ਕਾਂਗਰਸ ਵਿਚ ਸ਼ਾਮਿਲ ਕੀਤੇ ਜਾਣ ਦੀ ਖਬਰ ਨੂੰ ਕੌਮੀ ਰਾਜਨੀਤੀ ਵਿਚ ਵੱਡੀ ਘਟਨਾ ਵਜੋ ਉਭਾਰਨ ਲਈ ਯਤਨਸ਼ੀਲ ਸੀ, ਉਸ ਕੋਲ ਸਿੱਧੂ ਦੇ



ਅਸਤੀਫੇ ਦਾ ਕੋਈ ਜਵਾਬ ਨਹੀ ਸੀ। ਜੋ ਕਾਂਗਰਸ ਚੰਨੀ ਨੂੰ ਮੁੱਖ ਮੰਤਰੀ ਬਣਾਉਣ ਉਪਰੰਤ ਕਨਈਆ ਕੁਮਾਰ ਨੂੰ ਪਾਰਟੀ ਵਿਚ ਸ਼ਾਮਲ ਕਰਕੇ ਕੌਮੀ ਪੱਧਰ ਉਪਰ ਇਕ ਨਵੀ ਮੁਹਿੰਮ ਆਰੰਭ ਰਹੀ ਸੀ, ਉਸ ਲਈ ਸਿੱਧੂ ਦਾ ਅਸਤੀਫਾ ਰੰਗ ਵਿਚ ਭੰਗ ਪਾ ਗਿਆ। ਆਮ ਲੋਕ ਵੀ ਹੈਰਾਨ ਹੋਏ ਕਿ ਭਲਾ ਕਿਸੇ ਉਚ ਅਹੁਦੇ ਉਪਰ ਬੈਠੇ ਕਿਸੇ ਆਗੂ ਦਾ ਇਸ ਤਰਾਂ ਵੀ ਅਸਤੀਫਾ ਆ ਸਕਦਾ ਹੈ? ਸਿੱਧੂ ਦੇ ਨਜ਼ਦੀਕੀ ਤੇ ਹੋਰ ਆਗੂ ਸਿੱਧੂ ਦੀ ਪਟਿਆਲਾ ਸਥਿਤ ਰਿਹਾਇਸ਼ ਵੱਲ ਦੌੜੇ ਤੇ ਉਸਨੂੰ ਮਨਾਉਣ ਦੇ ਆਹਰ ਕਰਨ ਲੱਗੇ। ਆਖਰ ਸਿੱਧੂ ਵਲੋ ਅਸਤੀਫਾ ਵਾਪਿਸ ਲੈਣ ਦੀ ਹਾਮੀ ਭਰਨ ਤੋ ਪਹਿਲਾਂ ਹੀ ਕਾਂਗਰਸ ਹਾਈਕਮਾਨ ਵਲੋ ਅਸਤੀਫਾ ਅਪ੍ਰਵਾਨ ਕੀਤੇ ਜਾਣ ਦਾ ਬਿਆਨ ਜਾਰੀ ਕਰਵਾਇਆ ਗਿਆ। ਫਿਰ ਸਿੱਧੂ ਸਾਹਿਬ ਖੁਦ ਸੋਸ਼ਲ ਮੀਡੀਆ ਉਪਰ ਪ੍ਰਗਟ ਹੋਏ ਤੇ ਅਸਤੀਫਾ ਦੇਣ ਦੇ ਕਾਰਣ ਗਿਣਾਏ- ਮੈ ਪੰਜਾਬ ਤੇ ਪੰਜਾਬ ਦੇ ਹਿੱਤਾਂ ਨਾਲ ਸਮਝੌਤਾ ਨਹੀ ਕਰ ਸਕਦਾ। ਪੰਜਾਬ ਦੇ ਨਵੇ ਲਗਾਏ ਡੀ ਜੀ ਪੀ ਅਤੇ ਐਡਵੋਕੇਟ ਜਨਰਲ ਦੀਆਂ ਨਿਯੁਕਤੀਆਂ ਹਾਈਕਮਾਨ ਦੀ ਸਲਾਹ ਨਾਲ ਮੁੱਖ ਮੰਤਰੀ ਵਲੋ ਸਿੱਧੂ ਦੀ ਸਲਾਹ ਨੂੰ ਦਰਕਿਨਾਰ ਕਰਕੇ ਕੀਤੀਆਂ ਗਈਆਂ ਹਨ। ਇਹਨਾਂ ਦੋਵਾਂ ਨਿਯੁਕਤੀਆਂ ਦਾ ਸਬੰਧ ਬੇਅਦਬੀ ਅਤੇ ਗੋਲੀ ਕਾਂਡ ਦੀ ਜਾਂਚ ਨਾਲ ਜੁੜਿਆ ਹੋਇਆ ਹੈ। ਸਿੱਧੂ ਨੂੰ ਨਵੇ ਮੰਤਰੀ ਮੰਡਲ ਵਿਚ ਦਾਗੀ ਮੰਤਰੀਆਂ ਨੂੰ ਮੁੜ ਸ਼ਾਮਿਲ ਕਰਨਾ ਅਤੇ ਗ੍ਰਹਿ ਵਿਭਾਗ ਮੁੱਖ ਮੰਤਰੀ ਵਲੋ ਖੁਦ ਰੱਖਣ ਦੀ ਬਿਜਾਏ ਹੋਰ ਮੰਤਰੀ ਨੂੰ ਦੇਣਾ ਵੀ ਗਵਾਰਾ ਨਹੀ। ਇਹਨਾਂ ਮੁੱਦਿਆਂ ਉਪਰ ਹੁਣ ਕਾਂਗਰਸ ਹਾਈਕਮਾਨ ਵਲੋ ਤਿੰਨ ਮੈਂਬਰੀ ਕਮੇਟੀ ਬਣਾਉਣ ਦਾ ਐਲਾਨ ਕੀਤਾ ਗਿਆ ਹੈ। ਇਸ ਤਿੰਨ ਮੈਂਬਰੀ ਕਮੇਟੀ ਵਿਚ ਕੌਣ ਹਨ-ਪੰਜਾਬ ਦੇ ਮੁੱਖ ਮੰਤਰੀ, ਪ੍ਰਦੇਸ਼ ਕਾਂਗਰਸ ਕਮੇਟੀ ਦੇ ਇੰਚਾਰਜ ਤੇ ਸਿੱਧੂ ਸਾਹਿਬ ਖੁਦ। ਹੁਣ ਸੋਚਿਆ ਜਾ ਸਕਦਾ ਹੈ ਕਿ ਤਿੰਨ ਮੈਂਬਰੀ ਤਾਲਮੇਲ ਕਮੇਟੀ ਦਾ ਅਰਥ ਕੀ ਹੈ? ਕੀ ਇਹ ਸੰਭਵ ਹੈ ਕਿ ਕਾਂਗਰਸ ਹਾਈਕਮਾਨ ਵਲੋ ਥਾਪੇ ਗਏ ਦੋ ਕਮੇਟੀ ਮੈਂਬਰ (ਮੁੱਖ ਮੰਤਰੀ ਚੰਨੀ ਤੇ ਹਰੀਸ਼ ਰਾਵਤ) ਸਿੱਧੂ ਦੀ ਹਰ ਗੱਲ ਮੰਨਣ ਲਈ ਤਿਆਰ ਹੋਣਗੇ? ਸਿਆਸੀ ਮਾਹਿਰਾਂ ਦਾ ਖਿਆਲ ਹੈ ਕਿ ਨਵਜੋਤ ਸਿੰਘ ਸਿੱਧੂ ਸਰਕਾਰ ਨੂੰ ਆਪਣੇ ਢੰਗ ਨਾਲ ਚਲਾਉਣਾ ਚਾਹੁੰਦੇ ਹਨ। ਜਦੋਂਕਿ ਹਾਈਕਮਾਨ ਇਹ ਨਹੀ ਚਾਹੁੰਦੀ ਕਿ ਆਵਾਮ ਵਿਚ ਸੂਬੇ ਦੇ ਸੰਵਿਧਾਨਕ ਮੁਖੀ ਦਾ ਪ੍ਰਭਾਵ ਇਕ ਕਠਪੁੱਤਲੀ ਵਾਲਾ ਬਣੇ। ਹਾਈਕਮਾਨ ਨੇ ਪੰਜਾਬ ਵਿਚ ਜੋ ਦਲਿਤ ਪੱਤਾ ਖੇਡਣ ਦਾ ਯਤਨ ਕੀਤਾ ਹੈ, ਸ਼ਾਇਦ ਉਹ ਇਹ ਪੱਤਾ ਹੋਰਨਾਂ ਪ੍ਰਾਂਤਾਂ ਵਿਚ ਖੇਡਣ ਦੀ ਤਿਆਰੀ ਕਰ ਰਹੀ ਹੈ। ਹਾਈਕਮਾਨ ਦੀ ਇਸ ਖੇਡ ਵਿਚ ਸਿੱਧੂ ਦੀ ਆਗਾਮੀ ਚੋਣਾਂ ਦੌਰਾਨ ਮੁੱਖ ਮੰਤਰੀ ਵਜੋ ਉਮੀਦਵਾਰ ਬਣਨ ਦੀ ਇੱਛਾ ਪੂਰੀ ਹੁੰਦੀ ਨਜ਼ਰ ਨਹੀ ਆਉਂਦੀ। ਪਰ ਇਸ ਘੜੀ ਸਿੱਧੂ ਵਲੋ ਦਬਾਅ ਅਤੇ ਡਰਾਵੇ ਦੀ ਨੀਤੀ ਜ਼ਾਹਰ ਕਰਦੀ ਹੈ ਕਿ ਉਹ ਕੇਵਲ ਪਾਰਟੀ ਪ੍ਰਚਾਰਕ ਵਜੋ ਕੰਮ ਕਰਨ ਲਈ ਤਿਆਰ ਨਹੀ। ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਨਾਲ ਵੀ ਉਸਦਾ ਇਸੇ ਕਾਰਣ ਸਮਝੌਤਾ ਸਿਰੇ ਨਹੀ ਸੀ ਚੜਿਆ। ਪ੍ਰਚਾਰ ਇਹ ਹੈ ਕਿ ਸਿੱਧੂ ਲਈ ਅਹੁਦੇ ਦੀ ਨਹੀ ਪੰਜਾਬ ਦੇ ਮੁੱਦੇ ਵਧੇਰੇ ਅਹਿਮ ਹਨ। ਸਿੱਧੂ ਦੇ ਸਲਾਹਕਾਰ ਤੇ ਸਮਰਥਕ ਇਸ ਮੁੱਦੇ ਉਪਰ ਆਪਣੀ ਡਿਊਟੀ ਬਾਖੂਬੀ ਨਿਭਾਉਂਦੇ ਨਜ਼ਰ ਆਉਂਦੇ ਹਨ ਪਰ ਉਹਨਾਂ ਕੋਲ ਸਿੱਧੂ ਵਲੋ ਆਪਣੀ ਗੱਲ ਮੰਨਵਾਉਣ ਲਈ ਅਸਤੀਫਾ ਕਾਂਡ ਕਾਰਣ ਬਣੀ ਅਣਸੁਖਾਵੀ ਸਥਿਤੀ ਤੇ ਪਾਰਟੀ ਨੂੰ ਪੁੱਜੇ ਨੁਕਸਾਨ ਦੀ ਪੂਰਤੀ ਦਾ ਕੋਈ ਜਵਾਬ ਨਹੀ ਹੈ। ਸਿੱਧੂ ਅਸਤੀਫਾ ਕਾਂਡ ਨੇ ਪਹਿਲਾਂ ਹੀ ਵੰਡੀ ਹੋਈ ਕਾਂਗਰਸ ਨੂੰ ਹੋਰ ਵੰਡ ਦਿੱਤਾ ਹੈ। ਨਵੇ ਬਣਾਏ ਆਪਣੇ ਮੰਤਰੀਆਂ ਨਾਲ ਇਸ ਸਬੰਧੀ ਕੋਈ ਸਲਾਹ ਨਾ ਕਰਨ ਅਤੇ ਉਹਨਾਂ ਲਈ ਕਸੂਤੀ ਸਥਿਤੀ ਪੈਦਾ ਕੀਤੇ ਜਾਣ ਲਈ, ਸਿੱਧੂ ਦੇ ਆਪਣੇ ਖੇਮੇ ਵਿਚ ਹੀ ਭਰੋਸੇ ਦੀ ਦੀਵਾਰ ਢਹਿੰਦੀ ਗਈ ਹੈ। ਗੱਦੀਓਂ ਲਾਹੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀਆਂ ਸਿੱਧੂ ਦੀ ਭਰੋਸੇਯੋਗਤਾ ਬਾਰੇ ਪਹਿਲਾਂ ਕੀਤੀਆਂ ਟਿਪਣੀਆਂ ਨੂੰ ਉਸਨੇ ਖੁਦ ਹੀ ਸੱਚ ਸਾਬਿਤ ਕਰ ਦਿੱਤਾ ਹੈ। ਇਸ ਦੌਰਾਨ ਕੈਪਟਨ ਵਲੋ ਕੇਂਦਰੀ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਤੇ ਨਵੀ ਪਾਰਟੀ ਬਣਾਏ ਜਾਣ ਦੇ ਐਲਾਨ ਦਾ ਸਿੱਧਾ ਸੰਕੇਤ ਹੈ ਕਿ ਸਿੱਧੂ ਦੀ ਪ੍ਰਧਾਨਗੀ ਹੇਠ ਕਾਂਗਰਸ ਦਾ ਮਜ਼ਬੂਤੀ ਨਾਲ ਚੋਣ ਮੁਹਿੰਮ ਚਲਾ ਸਕਣਾ ਇਤਨਾ ਆਸਾਨ ਨਹੀ ਰਿਹਾ। ਕਾਂਗਰਸ ਹਾਈਕਮਾਨ ਨੇ ਸਿੱਧੂ ਨੂੰ ਪ੍ਰਧਾਨਗੀ ਪਦ ਉਪਰ ਬਣੇ ਰਹਿਣ ਲਈ ਮਨਾਕੇ ਵਕਤੀ ਤੌਰ ਤੇ ਕਾਂਗਰਸ ਨੂੰ ਹੋਰ ਖੋਰਾ ਲੱਗਣ ਤੋ ਬਚਾਅ ਤਾਂ ਕਰ ਲਿਆ ਹੈ ਪਰ ਆਗਾਮੀ ਚੋਣਾਂ ਵਿਚ ਉਸ ਲਈ ਮੁੱਖ ਮੰਤਰੀ ਵਜੋ ਦਲਿਤ ਪੱਤੇ ਨੂੰ ਹੱਥੋ ਛੱਡਣਾ ਸੰਭਵ ਨਹੀ। ਅਜਿਹੀ ਹਾਲਤ ਵਿਚ ਨਵਜੋਤ ਸਿੱਧੂ ਦੀ ਰਾਜਨੀਤੀ ਕਿਸ ਤਰਫ ਮੋੜ ਕੱਟੇਗੀ, ਕਹਿਣਾ ਮੁਸ਼ਕਲ ਨਹੀ, ਬਲਕਿ ਉਸਦੇ ਹੁਣ ਤੱਕ ਦੇ ਵਿਵਹਾਰ ਤੋ ਸਪੱਸ਼ਟ ਹੈ....


UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com



ਸਟ੍ਰੋਕ ਇੱਕ ਡਾਕਟਰੀ ਐਮਰਜੈਂਸੀ ਹੈ, ਮਹਾਂਮਾਰੀ ਵਿੱਚ ਵੀ, 9-1-1 ਤੇ ਕਾਲ ਕਰੋ।
ਸਟਰੋਕ ਦੇ ਲੱਛਣਾਂ ਬਾਰੇ ਸਿੱਖੋ
F ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?
A rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?
S peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?
T ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫ਼ੋਨ ਕਰੋ!
ਜੇ ਸਟਰੋਕ ਦੇ ਲੱਛਣ ਵੇਖਦੇ ਹੋ ਤਾਂ ਜਲਦੀ 9-1-1 ਨੂੰ ਫੋਨ ਕਰੋ
heartandstroke.ca/Punjabi
Heart & Stroke
With the support of BRITISH COLUMBIA
© Heart and Stroke Foundation of Canada, 2020 | ™The heart and / Icon on its own or followed by another icon or words are trademarks of the Heart and Stroke Foundation of Canada.

# ਪਰਵਾਸੀ ਭਾਰਤੀਆਂ ਵਲੋ ਸਿੱਧੂ ਤੇ ਪਰਗਟ ਸਿੰਘ ਨੂੰ ਅਗਵਾਈ ਕਰਨ ਦੀ ਅਪੀਲ

ਸਿਡਨੀ-ਇੱਥੇ ਪਰਵਾਸੀਆਂ ਨੇ ਖਿਡਾਰੀ ਤੋਂ ਸਿਆਸਤਦਾਨ ਬਣੇ ਨਵਜੋਤ ਸਿੰਘ ਸਿੱਧੂ ਤੇ ਪਰਗਟ ਸਿੰਘ ਨੂੰ ਪੰਜਾਬ ਦੀ ਅਗਵਾਈ ਕਰਨ ਦੀ ਹੋਕਾ ਦਿੱਤਾ ਹੈ। ਉਨ੍ਹਾਂ ਨੇ ਇਨ੍ਹਾਂ ਦੋਵਾਂ ਨੂੰ ਆਗਾਮੀ ਵਿਧਾਨ ਸਭਾ ਚੋਣਾਂ ਲਈ ਆਪਣੀ 117 ਮੈਂਬਰੀ ਟੀਮ ਪੰਜਾਬ ਵਿੱਚ ਖੜ੍ਹੀ ਕਰਨ ਦੀ ਅਪੀਲ ਕੀਤੀ। ਖੱਬੇ ਪੱਖੀ ਬਲਿਹਾਰ ਸੰਧੂ ਨੇ ਕਿਹਾ ਕਿ ਸਿੱਧੂ ਵੱਲੋਂ ਪ੍ਰਧਾਨਗੀ ਤੋਂ ਅਸਤੀਫ਼ਾ ਦੇਣ ਮੌਕੇ ਚੁੱਕੇ ਮੁੱਦੇ ਹਰ ਇਨਸਾਫ਼ ਪਸੰਦ ਵਿਅਕਤੀ ਦੀ ਦਿਲੀ ਆਵਾਜ਼ ਹਨ ਪਰ ਉਨ੍ਹਾਂ ਦੀ ਪਾਰਟੀ ਤੇ ਸਰਕਾਰ ਵੱਲੋਂ ਮੁੱਦਿਆਂ ਨੂੰ ਠੰਢੇ ਬਸਤੇ ਵਿੱਚ ਪਾ ਦਿੱਤਾ ਗਿਆ ਹੈ। ਆਸਟਰੇਲੀਅਨ ਸਿੱਖ ਐਸੋਸੀਏਸ਼ਨ ਦੇ ਆਗੂ ਸਤਨਾਮ ਸਿੰਘ ਗਿੱਲ ਨੇ ਕਿਹਾ ਕਿ ਉਹ ਆਸ ਕਰਦੇ ਹਨ ਕਿ ਸਿੱਧੂ ਪੰਜਾਬ ਦੇ ਲੋਕਾਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕਰਦੇ ਰਹਿਣਗੇ। ਇਸ ਮੌਕੇ ਐੱਨਆਰਆਈ ਸਭਾ, ਸਿਡਨੀ (ਕਾਂਗਰਸ) ਦੇ ਪ੍ਰਧਾਨ ਮੀਤਪਾਲ ਸਿੰਘ, ਸ੍ਰੀ ਗੁਰੂ ਸਿੰਘ ਸਭਾ ਦੇ ਮੈਂਬਰ ਅਮਰਜੀਤ ਸਿੰਘ ਗਰੇਵਾਲ, ਨਰਿੰਦਰ ਸਿੰਘ, ਭੁਪਿੰਦਰ ਸਿੰਘ ਭੁੱਲਰ ਨੇ ਸੰਬੋਧਨ ਕੀਤਾ।

# ਵੈਨਕੂਵਰ ਦਾ ਪੁਲਿਸ ਅਫਸਰ ਜਿਣਸੀ ਹਮਲੇ ਲਈ ਦੋਸ਼ੀ ਪਾਇਆ

ਵੈਨਕੂਵਰ-ਇਕ ਪੁਲਿਸ ਅਫਸਰ ਨੂੰ ਦੋ ਸਾਲ ਪਹਿਲਾਂ ਆਪਣੀ ਔਰਤ ਸਹਿਯੋਗੀ 'ਤੇ ਜਿਣਸੀ ਹਮਲਾ ਕਰਨ ਲਈ ਕਸੂਰਵਾਰ ਪਾਇਆ ਗਿਆ ਹੈ। ਵੈਨਕੂਵਰ ਪੁਲਿਸ ਡਿਪਾਰਟਮੈਂਟ ਦੇ ਮੈਂਬਰ ਜਗਰਾਜ ਰੋਗਰ ਬੇਰਾਰ ਨੂੰ ਨੌਰਥ ਵੈਨਕੂਵਰ ਕੋਰਟਰੂਮ ਵਿਚ ਫ਼ੈਸਲੇ ਬਾਰੇ ਪਤਾ ਲੱਗਾ। 51 ਸਾਲਾ ਸਰੀ ਵਾਸੀ ਨੇ ਜੁਲਾਈ 2019 ਵਿਚ ਵਿਸਲਰ ਵਿਚ ਇਕ ਹੋਟਲ ਸੂਟ ਵਿਚ ਹੋਏ ਜਿਣਸੀ ਹਮਲੇ ਤੋਂ ਇਨਕਾਰ ਕਰਦਿਆਂ ਦਾਅਵਾ ਕੀਤਾ ਕਿ ਜਿਣਸੀ ਸਬੰਧ ਸਹਿਮਤੀ ਨਾਲ ਬਣਾਏ ਸਨ। ਜੱਜ ਜੋਆਨੇ ਚੈਲੰਜਰ ਨੇ ਆਪਣੇ ਫ਼ੈਸਲੇ ਵਿਚ ਕਿਹਾ ਕਿ ਪੀੜਤ ਸੈਕਸ ਲਈ ਸਹਿਮਤੀ ਦੇਣ ਸਮੇਂ ਸ਼ਰਾਬੀ ਸੀ ਅਤੇ ਕਿਹਾ ਕਿ ਜਿਣਸੀ ਹਮਲਿਆਂ ਨਾਲ ਨਜਿੱਠਣ ਦੇ ਕੁਝ ਤਜਰਬੇ ਵਾਲੇ ਪੁਲਿਸ ਅਫਸਰ ਬੇਰਾਰ ਨੂੰ ਇਸ ਗੱਲ ਨੂੰ ਸਮਝਣਾ ਚਾਹੀਦਾ ਸੀ। ਪੀੜਤ ਅਦਾਲਤ ਵਿਚ ਮੌਜੂਦ ਨਹੀਂ ਸੀ ਪਰ ਉਸ ਵਲੋਂ ਜਿਣਸੀ ਸੋਸ਼ਣ ਦੇ ਐਡਵੋਕੇਟਸ ਮੌਜੂਦ ਸਨ।

# ਅਲਬਰਟਾ ਵਿਚ 26 ਮੌਤਾਂ 1263 ਨਵੇਂ ਮਾਮਲੇ ਦਰਜ

ਐਡਮਿੰਟਨ-ਅਲਬਰਟਾ ਵਿਚ ਕੋਵਿਡ-19 ਨਾਲ 26 ਹੋਰ ਵਿਅਕਤੀਆਂ ਦੀ ਮੌਤ ਹੋ ਗਈ ਅਤੇ ਸੂਬੇ ਦੇ ਤਾਜ਼ਾ ਡਾਟਾ ਅਪਡੇਟ ਮੁਤਾਬਿਕ 1263 ਨਵੇਂ ਮਾਮਲੇ ਦਰਜ ਕੀਤੇ ਗਏ ਹਨ। ਮੌਤਾਂ 7 ਦਿਨਾਂ ਵਿਚ ਹੋਈਆਂ ਹਨ ਅਤੇ ਮਰਨ ਵਾਲੇ ਮਰੀਜ਼ਾਂ ਦੀ ਉਮਰ 20 ਦੇ ਦਹਾਕੇ ਤੋਂ ਲੈ ਕੇ 80 ਦੇ ਦਹਾਕੇ ਤਕ ਸੀ। ਅਲਬਰਟਾ ਵਿਚ ਕੋਵਿਡ-19 ਨਾਲ ਹੁਣ ਤਕ ਕੁਲ 2804 ਮੌਤਾਂ ਹੀਆਂ ਹਨ। ਹਸਪਤਾਲਾਂ ਵਿਚ ਹੁਣ ਕੋਵਿਡ-19 ਦੇ 1083 ਮਰੀਜ਼ ਹਨ ਜਿਨ੍ਹਾਂ ਵਿਚੋਂ 247 ਆਈਸੀਯੂ ਵਿਚ ਹਨ।

# ਮੈਨੀਟੋਬਾ ਦੇ ਸਾਬਕਾ ਪ੍ਰੀਮੀਅਰ ਪੈਲਿਸਟਰ ਵਲੋਂ ਲੈਜਿਸਲੇਚਰ ਸੀਟ ਤੋਂ ਅਸਤੀਫਾ-ਹੋਵੇਗੀ ਉਪ ਚੋਣ

ਵਿੰਨੀਪੈਗ-ਆਪਣੇ ਸਿਆਸੀ ਕੈਰੀਅਰ ਨੂੰ ਰਸਮੀ ਰੂਪ ਵਿਚ ਖਤਮ ਕਰਦੇ ਹੋਏ ਮਨੀਟੋਬਾ ਦੇ ਸਾਬਕਾ ਪ੍ਰੀਮੀਅਰ ਬਰਾਇਨ ਪੈਲਿਸਟਰ ਨੇ ਆਪਣੀ ਲੈਜਿਸਲੇਚਰ ਸੀਟ ਤੋਂ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਲੈਜਿਸਲੇਚਰ ਸੀਟ ਤੋਂ ਅਸਤੀਫਾ ਪ੍ਰੀਮੀਅਰ ਦੇ ਅਹੁਦੇ ਤੋਂ ਹਟਣ ਤੋਂ ਲਗਪਗ ਪੰਜ ਹਫ਼ਤਿਆਂ ਪਿੱਛੋਂ ਦਿੱਤਾ ਹੈ ਅਤੇ ਉਨ੍ਹਾਂ ਦੇ ਲੈਜਿਸਲੇਚਰ ਤੋਂ ਅਸਤੀਫਾ ਦੇਣ ਨਾਲ ਪ੍ਰੋਗਰੈਸਿਵ ਕੰਸਰਵੇਟਿਵ ਦੇ ਗੜ੍ਹ ਫੋਰਟ ਵਾਈਟ ਹਲਕੇ ਵਿਚ ਜਿਮਨੀ ਚੋਣ ਹੋਵੇਗੀ। ਪੈਲਿਸਟਰ ਪਹਿਲਾਂ ਹੀ ਸੰਕੇਤ ਦੇ ਚੁੱਕੇ ਸਨ ਕਿ ਉਹ ਲੈਜਿਸਲੇਚਰ ਵਿਚ ਆਪਣੀ ਸੀਟ ਪਤਝੜ ਤੋਂ ਪਹਿਲਾਂ ਹੀ ਛੱਡ ਦੇਣਗੇ। ਟੋਰੀਸ 30 ਅਕਤੂਬਰ ਨੂੰ ਨਵੇਂ ਨੇਤਾ ਦੀ ਚੋਣ ਕਰਨਗੇ ਅਤੇ ਉਨ੍ਹਾਂ ਵਲੋਂ ਸਾਬਕਾ ਸਿਹਤ ਮੰਤਰੀ ਹੀਥਰ ਸਟੀਫੇਨਸਨ ਅਤੇ ਸਾਬਕਾ ਪਾਰਲੀਮੈਂਟ ਮੈਂਬਰ ਸ਼ੈਲੀ ਗਰੋਵਰ ਵਿਚਕਾਰ ਫ਼ੈਸਲਾ ਕਰਨਾ ਪਵੇਗਾ।




ਪੈਲਿਸਟਰ ਜਿਹੜੇ 67 ਸਾਲਾਂ ਦੇ ਹਨ ਨੇ ਘੱਟ ਪੋਲਿੰਗ ਹੋਣ ਅਤੇ ਉਨ੍ਹਾਂ ਦੀ ਸਰਕਾਰ ਦੇ ਕੋਵਿਡ-19 ਮਹਾਂਮਾਰੀ ਨਾਲ ਨਜਿੱਠਣ ਨੂੰ ਲੈ ਕੇ ਪੈਦਾ ਹੋਏ ਵਿਵਾਦ ਦਰਮਿਆਨ ਪ੍ਰੀਮੀਅਰ ਦਾ ਅਹੁਦਾ ਛੱਡ ਦਿੱਤਾ ਸੀ। ਟੋਰੀਸ ਪੈਲਿਸਟਰ ਦੀ ਚੁਣੇ ਹੋਏ ਸਕੂਲ ਬੋਰਡਾਂ ਨੂੰ ਖਤਮ ਕਰਨ ਦੀ ਯੋਜਨਾ ਕਾਰਨ ਵੀ ਆਲੋਚਨਾ ਦਾ ਸਾਹਮਣਾ ਕਰ ਰਹੇ ਹਨ। ਇਸ ਯੋਜਨਾ ਬਾਰੇ ਦੋਵਾਂ ਗਲੋਵਰ ਤੇ ਸਟੇਫਨਸਨ ਨੇ ਕਿਹਾ ਕਿ ਉਹ ਇਸ ਨੂੰ ਨਹੀਂ ਅਪਨਾਉਣਗੇ। ਇਕ ਤਿਆਰ ਬਿਆਨ ਵਿਚ ਪੈਲਿਸਟਰ ਨੇ ਕਿਹਾ ਕਿ ਉਹ ਵਿਧਾਨ ਸਭਾ ਵਿਚ ਆਪਣੀ ਸੀਟ ਛੱਡਣ ਮੌਕੇ ਮਨੀਟੋਬਾ ਦੀ ਪਹਿਲੀ ਔਰਤ ਪ੍ਰੀਮੀਅਰ ਦੇ ਪ੍ਰਧਾਨ ਮੰਤਰੀ ਬਣਨ ਨੂੰ ਦੇਖ ਕੇ ਉਤਸ਼ਾਹਿਤ ਹੈ। ਪੈਲਿਸਟਰ ਨੇ ਪਿਛਲੇ ਮਹੀਨੇ ਕਿਹਾ ਸੀ ਕਿ ਉਨ੍ਹਾਂ ਦੀ ਵਿੱਤੀ ਯੋਜਨਾਬੰਦੀ ਵਿਚ ਵਾਪਸ ਆਉਣ ਤੇ ਵਧੇਰੇ ਸਮਾਂ ਆਪਣੇ ਪਰਿਵਾਰ ਨਾਲ ਬਿਤਾਉਣ ਦੀ ਯੋਜਨਾ ਹੈ।

# ਬੀਸੀ ਨੇ ਵਪਾਰਕ ਟਰੱਕ ਡਰਾਈਵਰਾਂ ਲਈ ਰੋਡ ਟੈਸਟ ਤੋਂ ਪਹਿਲਾਂ ਸਿੱਖਲਾਈ ਨੂੰ ਲਾਜ਼ਮੀ ਕੀਤਾ

ਵਿਕਟੋਰੀਆ-ਬੀਸੀ ਨੇ ਵਪਾਰਕ ਟਰੱਕ ਡਰਾਈਵਰਾਂ ਲਈ ਰੋਡ ਟੈਸਟ ਦੇਣ ਤੋਂ ਪਹਿਲਾਂ ਟਰੇਨਿੰਗ ਲਾਜ਼ਮੀ ਕਰ ਦਿੱਤੀ ਹੈ। ਬ੍ਰਿਟਿਸ਼ ਕੋਲੰਬੀਆ ਸਰਕਾਰ ਦਾ ਕਹਿਣਾ ਕਿ ਸੂਬੇ ਦੇ ਨਵੇਂ ਲਾਜ਼ਮੀ ਐਂਟਰੀ ਪੱਧਰ ਦੇ ਟਰੇਨਿੰਗ ਪ੍ਰੋਗਰਾਮ ਨੂੰ ਇਕ ਵਾਰ ਮੁਕੰਮਲ ਕਰ ਲੈਣ ਪਿੱਛੋਂ ਟਰੱਕ ਡਰਾਈਵਰ ਸੁਰੱਖਿਅਤ ਤੇ ਵਧੇਰੇ ਹੁਨਰਮੰਦ ਹੋ ਜਾਣਗੇ। ਟਰਾਂਸਪੋਰਟ ਮੰਤਰਾਲੇ ਨੇ ਇਕ ਲਿਖਤੀ ਬਿਆਨ ਵਿਚ ਕਿਹਾ ਕਿ ਅਗਲੇ ਸੋਮਵਾਰ



ਤੋਂ ਜੇਕਰ ਕੋਈ ਵਿਅਕਤੀ ਬੀਸੀ ਕਲਾਸ 1 ਡਰਾਈਵਰ ਦੇ ਲਾਇਸੰਸ ਲਈ ਅਪਲਾਈ ਕਰਦਾ ਹੈ ਤਾਂ ਉਸ ਨੂੰ ਰੋਡ ਟੈਸਟ ਦੀ ਕੋਸ਼ਿਸ਼ ਕਰਨ ਤੋਂ ਪਹਿਲਾਂ ਸਿੱਖਲਾਈ ਪ੍ਰੋਗਰਾਮ ਨੂੰ ਸਫਲਤਾ ਪੂਰਵਕ ਮੁਕੰਮਲ ਕਰਨਾ ਪਵੇਗਾ। ਕਲਾਸ 1 ਲਾਇਸੰਸ ਟਰੱਕ ਤੇ ਟਰੇਲਰ ਰਿਗਸ ਦੇ ਚਾਲਕਾਂ ਨੂੰ ਲੋੜ ਹੁੰਦੀ ਹੈ ਜਿਥੇ ਟਰੇਲਰ ਏਅਰ ਬਰੇਕਾਂ ਨਾਲ ਲੈਸ ਹੁੰਦੇ ਹਨ। ਮੰਤਰਾਲੇ ਨੇ ਬਿਆਨ ਵਿਚ ਕਿਹਾ ਕਿ ਪ੍ਰੋਗਰਾਮ ਨੈਸ਼ਨਲ ਸੇਫਟੀ ਕੋਡ ਦੇ ਹਿੱਸੇ ਵਜੋਂ ਫਰਵਰੀ 2020 ਵਿਚ ਸਮੁੱਚੇ ਕੈਨੇਡਾ ਵਿਚ ਨਵੇਂ ਟਰੱਕ ਡਰਾਈਵਰ ਟਰੇਨਿੰਗ ਫਰੇਮਵਰਕ ਨਾਲ ਮੇਲ ਖਾਂਦਾ ਹੈ।

# ਸਰੀ ਚ ਗੋਲੀਬਾਰੀ ਦੀ ਘਟਨਾ 'ਚ ਇਕ ਦੀ ਮੌਤ

ਸਰੀ-ਨਿਊਟਨ ਵਿਚ ਦੇਰ ਰਾਤ ਗੋਲੀਬਾਰੀ ਦੀ ਇਕ ਘਟਨਾ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ। ਗੋਲੀ ਚੱਲਣ ਪਿੱਛੋਂ ਅਫਸਰਾਂ ਨੂੰ ਰਾਤ 10 ਵਜੇ ਤੋਂ ਥੋੜਾ ਪਹਿਲਾਂ 80ਵੀਂ ਐਵੀਨਿਊ ਨੇੜੇ 122ਏ ਸਟਰੀਟ ਵਿਖੇ ਬੁਲਾਇਆ ਗਿਆ ਸੀ। ਮੌਕੇ 'ਤੇ ਪੁੱਜੇ ਪੁਲਿਸ ਅਫਸਰਾਂ ਨੂੰ ਗੋਲੀ ਲੱਗਣ ਨਾਲ ਜ਼ਖ਼ਮੀ ਹੋਇਆ ਇਕ ਵਿਅਕਤੀ ਮਿਲਿਆ। ਉਸ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਦੀ ਬਾਵਜੂਦ ਉਹ ਆਪਣੇ ਜ਼ਖ਼ਮਾਂ ਦੀ ਤਾਬ ਨਾ ਝਲਦਾ ਹੋਇਆ ਦਮ ਤੋੜ ਗਿਆ। ਇੰਟੀਗਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ ਨੂੰ ਬੁਲਾਇਆ ਗਿਆ ਹੈ ਅਤੇ ਉਹ ਸਰੀ ਆਰਸੀਐਮਪੀ ਮੇਜਰ ਕਰਾਈਮ ਸੈਕਸ਼ਨ ਨਾਲ ਮਿਲ ਕੇ ਕੰਮ ਕਰੇਗੀ। ਥੋੜੀ ਦੇਰ ਬਾਅਦ ਗੂੜ੍ਹੇ ਰੰਗ ਦਾ ਪਿਕਅਪ ਟਰੱਕ 129ਏ ਸਟਰੀਟ 'ਤੇ ਪੰਜ ਮਿੰਟ ਦੀ ਦੂਰੀ 'ਤੇ ਸੜਦਾ ਮਿਲਿਆ।









# ਟਰੂਡੋ ਨੇ ਕੈਬਨਿਟ ਵਿਚ ਸੰਤੁਲਨ ਰੱਖਣ ਦਾ ਕੀਤਾ ਵਾਅਦਾ

ਓਟਵਾ-ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵਾਅਦਾ ਕੀਤਾ ਹੈ ਕਿ ਉਹ ਇਕ ਵਾਰ ਫਿਰ ਮਰਦਾਂ ਤੇ ਔਰਤਾਂ ਦੀ ਬਰਾਬਰ ਗਿਣਤੀ ਵਾਲਾ ਮੰਤਰੀ ਮੰਡਲ ਬਣਾਉਣਗੇ ਪਰ ਹਾਊਸ ਆਫ ਕਾਮਨਜ਼ ਵਿਚ ਔਰਤ ਐਮਪੀਜ਼ ਦੀ ਗਿਣਤੀ 50 ਫ਼ੀਸਦੀ ਅੰਕੜੇ ਤੋਂ ਅਜੇ ਵੀ ਘੱਟ ਹੈ। 20 ਸਤੰਬਰ ਨੂੰ ਹੋਈਆਂ ਚੋਣਾਂ ਵਿਚ 102 ਔਰਤਾਂ ਚੁਣੀਆਂ ਗਈਆਂ ਹਨ, ਇਸ ਤਰ੍ਹਾਂ ਉਹ ਨਵੇਂ ਹਾਊਸ ਆਫ ਕਾਮਨਜ਼ ਵਿਚ 30 ਫ਼ੀਸਦੀ ਹਨ। ਕੈਨੇਡਾ ਦੇ ਫੈਡਰਲ ਦਫ਼ਤਰ ਵਿਚ ਅਹੁਦਾ ਸੰਭਾਲਣ ਲਈ ਇਹ ਸਭ ਤੋਂ ਜ਼ਿਆਦਾ ਗਿਣਤੀ ਤੇ ਪ੍ਰਤੀਸ਼ਤਤਾ ਹੈ। ਹਾਲਾਂਕਿ ਜੈਂਡਰ ਆਧਾਰਤ ਕੈਬਨਿਟ ਇਹ ਯਕੀਨੀ ਬਣਾਉਂਦੀ ਹੈ ਕਿ ਔਰਤਾਂ ਤਾਕਤ ਵਾਲੇ ਅਹੁਦਿਆਂ 'ਤੇ ਹੋਣਗੀਆਂ ਪਰ ਐਡਵੋਕੇਟਸ ਇਸ ਗੱਲ ਤੋਂ ਨਿਰਾਸ਼ ਹਨ ਕਿ ਜੈਂਡਰ ਸਮਾਨਤਾ ਅਜੇ ਵੀ ਪਹੁੰਚ ਤੋਂ ਬਾਹਰ ਹੈ ਅਤੇ ਕਿਹਾ ਕਿ ਉਹ ਇਸ ਗੱਲ ਤੋਂ ਚਿੰਤਤ ਹਨ ਕਿ ਆਨਲਾਈਨ ਜ਼ਹਿਰੀਲੇਪਨ ਵਾਲਾ ਸਭਿਆਚਾਰ ਔਰਤਾਂ ਤੇ ਹੋਰ ਘੱਟਗਿਣਤੀ ਗਰੁੱਪਾਂ ਨੂੰ ਚੋਣ ਲੜਨ ਤੋਂ ਨਿਰਾਸ਼ ਕਰਦਾ ਹੈ। 2019 ਵਿਚ ਚੁਣੀਆਂ ਗਈਆਂ ਔਰਤਾਂ ਦੀ ਗਿਣਤੀ ਨੇ 98 ਔਰਤਾਂ ਨਾਲ ਉਸ ਸਮੇਂ ਦਾ ਰਿਕਾਰਡ ਤੋੜ ਦਿੱਤਾ ਸੀ ਅਤੇ ਉਹ ਹਾਊਸ ਆਫ ਕਾਮਨਜ਼ ਦਾ 29 ਫ਼ੀਸਦੀ ਹਿੱਸਾ ਸਨ। ਆਈਸਲੈਂਡ ਦੀਆਂ ਤਾਜ਼ਾ ਚੋਣਾਂ ਵਿਚ ਨਵੀਂ ਪਾਰਲੀਮੈਂਟ ਲਈ 48 ਫ਼ੀਸਦੀ ਔਰਤਾਂ ਚੁਣੀਆਂ ਗਈਆਂ ਹਨ। ਇਕੁਅਲ ਵਾਇਸ ਮੁਤਾਬਿਕ ਲਿਬਰਲਸ ਦੀਆਂ 35 ਫ਼ੀਸਦੀ ਔਰਤਾਂ ਐਮਪੀਜ਼ ਹਨ ਅਤੇ ਕੰਸਰਵੇਟਿਵਸ ਦੀਆਂ 19 ਫ਼ੀਸਦੀ। ਐਨਡੀਪੀ ਤਿੰਨ ਵੱਡੀਆਂ ਪਾਰਟੀਆਂ ਵਿਚੋਂ ਸਮਾਨਤਾ ਦੇ ਸਭ ਤੋਂ ਨੇੜੇ ਹੈ ਅਤੇ ਉਸ ਦੀਆਂ 44 ਫ਼ੀਸਦੀ ਔਰਤਾਂ ਐਮਪੀਜ਼ ਹਨ।



# ਸਾਨੂੰ ਅਫਗਾਨ ਸ਼ਰਨਾਰਥੀਆਂ ਤੇ ਉਨ੍ਹਾਂ ਦੇ ਪਰਿਵਾਰਾਂ ਲਈ ਹੋਰ ਜ਼ਿਆਦਾ ਚਿੰਤਾ ਕਰਨ ਦੀ ਲੋੜ-ਹੱਲਣ

ਓਟਵਾ-ਫੈਡਰਲ ਐਮ ਪੀ ਜਸਰਾਜ ਸਿੰਘ ਹੱਲਣ ਨੇ ਕਿਹਾ ਹੈ ਕਿ ਸਾਨੂੰ ਅਫਗਾਨ ਸ਼ਰਨਾਰਥੀਆਂ ਤੇ ਉਨ੍ਹਾਂ ਦੇ ਪਰਿਵਾਰਾਂ ਦੀ ਹੋਰ ਜ਼ਿਆਦਾ ਚਿੰਤਾ ਕਰਨ ਦੀ ਲੋੜ ਹੈ। ਪਿਛਲੇ ਕੁਝ ਮਹੀਨਿਆਂ ਵਿਚ ਉਨ੍ਹਾਂ ਕਈ ਅਫਗਾਨ ਦੋਭਾਸ਼ੀਆਂ ਨਾਲ ਗੱਲਬਾਤ ਕੀਤੀ ਹੈ ਕਿ ਉਨ੍ਹਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਟਰੂਡੋ ਸਰਕਾਰ ਵਲੋਂ ਕਿਵੇ ਵਰਤਾਅ ਕੀਤਾ ਜਾਂਦਾ ਹੈ। ਇਕ ਗੱਲ ਸ਼ੁਰੂ ਤੋਂ ਹੀ ਸਪੱਸ਼ਟ ਹੈ ਕਿ ਆਈਆਰਸੀਸੀ ਅਤੇ ਦੋਭਾਸ਼ੀਆਂ ਵਿਚਕਾਰ ਸੰਪਰਕ ਦੀ ਘਾਟ ਤਰਸਯੋਗ ਤੇ ਲਾਪਰਵਾਹੀ ਵਾਲੀ ਹੈ। ਉਨ੍ਹਾਂ ਦੇ ਪਰਿਵਾਰਾਂ ਬਾਰੇ ਤਾਜ਼ਾ ਜਾਣਕਾਰੀ ਮਹੀਨਿਆਂ ਤੋਂ ਨਹੀਂ ਦਿੱਤੀ ਗਈ ਅਤੇ ਮਦਦ ਲਈ ਕੀਤੀਆਂ ਜਾਂਦੀਆਂ ਈਮੇਲਜ ਦਾ ਕੋਈ ਜਵਾਬ ਨਹੀਂ ਦਿੱਤਾ ਜਾਂਦਾ ਅਤੇ ਉਨ੍ਹਾਂ ਦੇ ਅਜ਼ੀਜ਼ਾਂ ਨੂੰ ਬਾਹਰ ਲਿਆਉਣ ਬਾਰੇ ਜਾਣਕਾਰੀ ਛੁਪਾ ਕੇ ਰੱਖਣ ਕਾਰਨ ਉਹ ਅਨਿਸ਼ਚਤਤਾ ਵਾਲੀ ਸਥਿਤੀ ਵਿਚ ਰਹਿ ਰਹੇ ਹਨ। ਇਸ ਸਰਕਾਰ ਨੇ ਇਕ ਵਾਰ ਦੋਭਾਸ਼ੀਆਂ ਦੇ ਪਰਿਵਾਰਾਂ ਛੱਡ ਦਿੱਤਾ ਜਿਸ ਨਾਲ ਮੁਸ਼ਕਿਲਾਂ ਆਈਆਂ ਅਤੇ ਸਾਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਇਸ ਤਰ੍ਹਾਂ ਦੀ ਗਲਤੀ ਦੁਬਾਰਾ ਨਾ ਕੀਤੀ ਜਾਵੇ।



# ਕੈਨੇਡੀਅਨ ਹਵਾਈ ਅੱਡਿਆਂ 'ਤੇ ਹਵਾਈ ਤੇ ਰੇਲ ਯਾਤਰੀਆਂ ਲਈ 30 ਨਵੰਬਰ ਤੱਕ ਟੀਕਾਕਰਣ ਲਾਜ਼ਮੀ ਕਰਾਰ

(ਸਫ਼ਾ 1 ਦੀ ਬਾਕੀ)

## ਯੂਨੀਅਨ ਨੇ ਆਪਣਾ ਪੱਖ ਰੱਖਿਆ

ਦੇਸ਼ ਦੀਆਂ ਸਭ ਤੋਂ ਵੱਡੀਆਂ ਯੂਨੀਅਨਾਂ ਵਿਚੋਂ ਇਕ ਪਬਲਿਕ ਸਰਵਿਸ ਅਲਾਇੰਸ ਆਫ ਕੈਨੇਡਾ ਨੇ ਇਕ ਬਿਆਨ ਵਿਚ ਕਿਹਾ ਕਿ ਉਹ ਫੈਡਰਲ ਟੀਕੇ ਦੇ ਲਾਜ਼ਮੀ ਫਤਵੇ ਦਾ ਸਮਰਥਨ ਕਰਦੀ ਹੈ ਪਰ ਸਰਕਾਰ ਫੈਡਰਲ ਪਬਲਿਕ ਸਰਵਿਸ ਵਰਕਰਾਂ ਦੀ ਪ੍ਰਤੀਨਿਧਤਾਂ ਕਰਦੀਆਂ ਯੂਨੀਅਨਾਂ ਨਾਲ ਕੋਈ ਅਰਥ ਭਰਪੂਰ ਸਲਾਹ ਮਸ਼ਵਰਾ ਕੀਤੇ ਬਿਨ੍ਹਾਂ ਆਪਣੀ ਟੀਕਾਕਰਣ ਨੀਤੀ 'ਤੇ ਚਲ ਪਈ ਹੈ। ਯੂਨੀਅਨ ਨੇ ਕਿਹਾ ਕਿ ਪੀਐਸਏਸੀਐਸ ਦੀ ਬਹੁਗਿਣਤੀ ਮੈਂਬਰਸ਼ਿਪ ਦਾ ਮੁਕੰਮਲ ਟੀਕਾਕਰਣ ਹੋ ਚੁੱਕਾ ਹੈ ਫਿਰ ਵੀ ਪੀਐਸਏਸੀ ਟੀਕਾਕਰਣ ਰਹਿਤ ਮੈਂਬਰਾਂ ਦੀ ਪ੍ਰਤੀਨਿਧਤਾ ਕਰਨੀ ਜਾਰੀ ਰੱਖੇਗੀ ਜਿਨ੍ਹਾਂ ਖਿਲਾਫ ਉਨ੍ਹਾਂ ਦੀ ਟੀਕਾਕਰਣ ਸਥਿਤੀ ਦੇ ਨਤੀਜੇ ਵਜੋਂ ਦੰਡਾਤਮਿਕ ਕਾਰਵਾਈ ਕੀਤੀ ਗਈ ਹੈ।




BADH ACCOUNTING SERVICES
32 YEARS EXPERIENCE IN ACCOUNTING
Specializing in:
ਟੈਕਸ ਦੇ ਪੇਪਰ ਭਰਨਾ * ਅਕਾਊਂਟਿੰਗ * ਪੇਰੋਲ
ਬਿਜ਼ਨਸ ਇਨਕਮ ਟੈਕਸ * ਪਰਸਨਲ ਇਨਕਮ ਟੈਕਸ
ਟੀ-ਫੋਰ ਜਾਂ ਵਰਕਰ ਕੰਪਨਸੇਸ਼ਨ ਫਾਰਮ * ਬੁੱਕ ਕੀਪਿੰਗ
* Tax Forms Fill up * Accounting * Payroll
* Business Income Tax * Personal Income Tax
* T4 & Workers Compensation Forms
* Bookkeeping

Jasbir Singh Badh
ਜਸਬੀਰ ਸਿੰਘ ਬਾਧ
ਸਾਡਾ ਅਕਾਊਂਟਿੰਗ ਵਿਚ 32 ਸਾਲ ਦਾ ਤਜ਼ਰਬਾ ਹੈ
Ph: 604-325-8370
Fax: 604-325-6654
# 1393 - 20800 - WESTMINSTER HWY, RICHMOND, BC

CAN-AM LUMBER MILL
WE CAN NOW SUPPLY COMPLETE HOME PACKAGE
Engineered Floor Joists, Roof Trusses
All the Framing lumber, Plywoods for Floors, Walls & Roof
Always Low Prices
2X6X8' Kiln Dry Fir $4.95 EA
1X4 Red Cedar 10' $2.95 EA
4X8X3/8" Paint Grade Plywood $21.95 EA
4X8X1/2" Paint Grade Plywood $29.95 EA
*APNA PUNJABI LUMBER YARD*
RING: MALKIT OR SAM SANGHA
604-580-1415
11635 130th St., Surrey, FAX: 604-580-1528
Email: can-ambuildingsupply@shaw.ca
We Deliver to Your Job Site
(Even to the Moon)
"Where the Builders Buy"

REAL ESTATE BUY & SELL
KULWANT ATWAL 604-716-2135
MORTGAGES 1st, 2nd or Private
BHAJAN ATWAL 604-773-8426
BUILD WITH WARRANTY
BUILD, SUPPORT & ADVICE TEAM WORK
604-773-8426
604-594-7592

Save Commissions & Get Sold Guaranteed
We Help Buyers With Cash Back
Buy, Sell, Mortgage or Build With Us:

amex A Mark of EXcellence
CENTUM
You Will Save Thousands Thousands Dollars
Buy With Us: Get Full Support
Sell With Us: Save Money
Build With Us: Warranty & Support
"Pre-Register Your House To Sell & Save Thousands Dollars & Guaranteed Sold"
RESIDENTIAL
CONSTRUCTION
COMMERCIAL
NEW IMMIGRANTS
SELF EMPLOYED
PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply
Real Estate, Mortgage, Build & Warranty, Private Mortgages
604-716-2135 604-773-8426

# ਲਖੀਮਪੁਰ ਕਾਂਡ ਲਈ ਜ਼ਿੰਮੇਵਾਰ ਕੇਂਦਰੀ ਮੰਤਰੀ ਮਿਸ਼ਰਾ ਅਸਤੀਫਾ ਦੇਵੇ ਤੇ ਪੁੱਤਰ ਨੂੰ ਗ੍ਰਿਫ਼ਤਾਰ ਕੀਤਾ ਜਾਵੇ-ਟਿਕੈਤ

## ਸਮਝੌਤਾ ਲਾਗੂ ਨਾ ਕਰਨ ਤੇ ਦੇਸ਼ ਭਰ ਵਿਚ ਪ੍ਰਦਰਸ਼ਨ ਦੀ ਚੇਤਾਵਨੀ

ਲਖੀਮਪੁਰ ਖੀਰੀ-ਭਾਰਤੀ ਕਿਸਾਨ ਯੂਨੀਅਨ ਆਗੂ ਰਾਕੇਸ਼ ਟਿਕੈਤ ਨੇ ਲਖੀਮਪੁਰ ਖੀਰੀ ਕਾਂਡ ਦੇ ਮਾਮਲੇ 'ਚ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਦਾ ਅਸਤੀਫ਼ਾ ਅਤੇ ਸਾਰੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਚਿਤਾਵਨੀ ਦਿੱਤੀ ਹੈ ਕਿ ਜੇਕਰ ਅਧਿਕਾਰੀ ਕਿਸਾਨਾਂ ਨਾਲ ਹੋਏ ਸਮਝੌਤੇ ਨੂੰ ਇਕ ਹਫ਼ਤੇ ਦੇ ਅੰਦਰ ਲਾਗੂ ਕਰਨ 'ਚ ਨਾਕਾਮ ਰਹੇ ਤਾਂ ਦੇਸ਼ ਭਰ 'ਚ ਪ੍ਰਦਰਸ਼ਨ ਕੀਤੇ ਜਾਣਗੇ। ਇਥੇ ਗੁਰਦੁਆਰੇ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ,"ਸਾਡਾ ਪ੍ਰਦਰਸ਼ਨ ਅਜੇ ਖ਼ਤਮ ਨਹੀਂ ਹੋਇਆ ਹੈ। ਅਸੀਂ ਸਮਝੌਤੇ ਤੋਂ ਅੱਠ ਦਿਨਾਂ ਤੱਕ ਉਡੀਕ ਕਰਾਂਗੇ ਅਤੇ ਜੇਕਰ ਮੰਗਾਂ ਨਾ ਮੰਨੀਆਂ ਗਈਆਂ ਤਾਂ ਦੇਸ਼ ਭਰ 'ਚ ਪ੍ਰਦਰਸ਼ਨ ਕੀਤੇ ਜਾਣਗੇ।" ਇਹ ਸਮਾਂ ਹੱਦ ਮਾਰੇ ਗਏ ਕਿਸਾਨਾਂ ਦੀ ਅੰਤਿਮ ਅਰਦਾਸ ਤੱਕ ਦੀ ਹੈ। ਤਿਕੁਨੀਆ ਪੁਲੀਸ ਸਟੇਸ਼ਨ 'ਚ ਕੇਂਦਰੀ ਮੰਤਰੀ ਦੇ ਪੁੱਤਰ ਆਸ਼ੀਸ਼ ਮਿਸ਼ਰਾ ਅਤੇ ਹੋਰਾਂ ਖ਼ਿਲਾਫ਼ ਪਹਿਲਾਂ ਹੀ ਦਫ਼ਾ 302 ਤਹਿਤ ਐੱਫਆਈਆਰ ਦਰਜ ਕੀਤੀ ਜਾ ਚੁੱਕੀ ਹੈ। ਸ੍ਰੀ ਟਿਕੈਤ ਨੇ ਕਿਹਾ ਕਿ ਸਰਕਾਰ ਨਾਲ ਸਮਝੌਤਾ ਪੀੜਤ ਪਰਿਵਾਰਾਂ ਅਤੇ ਕਿਸਾਨਾਂ ਨਾਲ ਵਿਚਾਰ ਵਟਾਂਦਰੇ ਮਗਰੋਂ ਕੀਤਾ ਗਿਆ ਸੀ ਅਤੇ ਹਰ ਕਿਸੇ ਨੇ ਇਸ 'ਤੇ ਤਸੱਲੀ ਜ਼ਾਹਿਰ ਕੀਤੀ ਹੈ। ਕਿਸਾਨ ਆਗੂ ਅਤੇ ਉਨ੍ਹਾਂ ਦੇ ਹਮਾਇਤੀ ਇਸ ਸਮੇਂ ਲਖੀਮਪੁਰ ਖੀਰੀ 'ਚ ਰੁਕੇ ਹੋਏ ਹਨ। ਉਧਰ ਭਾਰਤੀ ਕਿਸਾਨ ਯੂਨੀਅਨ ਦੇ ਮੀਡੀਆ ਇੰਚਾਰਜ ਧਰਮਿੰਦਰ ਮਲਿਕ ਨੇ ਕਿਹਾ ਕਿ ਜਦੋਂ ਮਿਸ਼ਰਾ ਦੇ ਪੁੱਤਰ 'ਤੇ ਗੰਭੀਰ ਦੋਸ਼ ਲੱਗੇ ਹੋਏ ਹਨ ਤਾਂ ਉਹ ਕੇਂਦਰੀ ਗ੍ਰਹਿ ਰਾਜ ਮੰਤਰੀ ਦੇ ਅਹੁਦੇ 'ਤੇ ਕਿਵੇਂ ਰਹਿ ਸਕਦਾ ਹੈ। ਉਨ੍ਹਾਂ ਕਿਹਾ ਕਿ ਮੰਤਰੀ ਦੀ ਕਥਿਤ ਭੂਮਿਕਾ ਲਈ ਵੀ ਉਸ ਦਾ ਨਾਮ ਐੱਫਆਈਆਰ 'ਚ ਦਰਜ ਹੈ।



# ਮਮਤਾ ਬੈਨਰਜੀ ਨੇ ਭਬਾਨੀਪੁਰ ਤੋਂ ਉਪ ਚੋਣ ਜਿੱਤਣ ਉਪਰੰਤ ਹਲਫ ਲਿਆ

ਕੋਲਕਾਤਾ-ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਸੂਬੇ ਦੀ ਵਿਧਾਨ ਸਭਾ ਦੇ ਮੈਂਬਰ ਵਜੋਂ ਸਹੁੰ ਚੁੱਕੀ। ਰਵਾਇਤ ਨੂੰ ਤੋੜਦਿਆਂ ਉਨ੍ਹਾਂ ਨੂੰ ਇਹ ਹਲਫ਼ ਰਾਜਪਾਲ ਜਗਦੀਪ ਧਨਖੜ ਨੇ ਦਿਵਾਈ ਜਦਕਿ ਆਮ ਤੌਰ 'ਤੇ ਰਾਜਪਾਲ ਵੱਲੋਂ ਸਪੀਕਰ ਨੂੰ ਇਸ ਲਈ ਅਧਿਕਾਰਤ ਕਰ ਦਿੱਤਾ ਜਾਂਦਾ ਹੈ ਪਰ ਉਨ੍ਹਾਂ ਨੇ ਮੰਗਲਵਾਰ ਨੂੰ ਹੀ ਇਹ ਕਹਿ ਦਿੱਤਾ ਸੀ ਕਿ ਉਹ ਰਵਾਇਤ ਤੋਂ ਹੱਟ ਕੇ ਖ਼ੁਦ ਮਮਤਾ ਬੈਨਰਜੀ ਤੇ ਦੋ ਹੋਰ ਨਵੇਂ ਚੁਣੇ ਗਏ ਵਿਧਾਇਕਾਂ ਨੂੰ ਹਲਫ਼ ਦਿਵਾਉਣਗੇ। ਮਮਤਾ ਬੈਨਰਜੀ ਨੇ ਹਲਫ਼ ਬੰਗਾਲੀ ਵਿਚ ਲਈ। ਉਨ੍ਹਾਂ ਨੇ ਹਾਲ ਹੀ ਵਿਚ ਭਬਾਨੀਪੁਰ ਉਪ ਚੋਣ 'ਚ ਰਿਕਾਰਡ 58,835 ਵੋਟਾਂ ਨਾਲ ਜਿੱਤ ਹਾਸਲ ਕੀਤੀ ਸੀ। ਮਮਤਾ ਬੈਨਰਜੀ ਤੋਂ ਬਾਅਦ ਨਵੇਂ ਚੁਣੇ ਗਏ ਤ੍ਰਿਣਮੂਲ ਕਾਂਗਰਸ ਦੇ ਦੋ ਹੋਰ ਵਿਧਾਇਕਾਂ ਜਾਕਿਰ ਹੁਸੈਨ ਤੇ ਅਮਿਰੁਲ ਇਸਲਾਮ ਨੇ ਵੀ ਵਿਧਾਨ ਸਭਾ ਦੇ ਮੈਂਬਰ ਵਜੋਂ ਸਹੁੰ ਚੁੱਕੀ। ਜਾਕਿਰ ਹੁਸੈਨ ਜੰਗੀਪੁਰ ਵਿਧਾਨ ਸਭਾ ਹਲਕੇ ਤੋਂ 92,480 ਵੋਟਾਂ ਦੇ ਵੱਡੇ ਫ਼ਰਕ ਨਾਲ ਜੇਤੂ ਐਲਾਨੇ ਗਏ ਸਨ, ਜਦਕਿ ਅਮਿਰੁਲ ਇਸਲਾਮ ਸਮਸੇਰਗੰਜ ਵਿਧਾਨ ਸਭਾ ਸੀਟ ਤੋਂ 26,379 ਵੋਟਾਂ ਨਾਲ ਜੇਤੂ ਰਹੇ ਸਨ। ਇਸ ਸਮਾਰੋਹ ਵਿਚ ਮੁੱਖ ਵਿਰੋਧੀ ਪਾਰਟੀ ਭਾਜਪਾ ਦਾ ਕੋਈ ਵਿਧਾਇਕ ਸ਼ਾਮਲ ਨਹੀਂ ਹੋਇਆ।



# ਉੱਘੇ ਅਦਾਕਾਰ ਅਰਵਿੰਦ ਤ੍ਰਿਵੇਦੀ ਉਰਫ ਰਾਵਣ ਦਾ ਦੇਹਾਂਤ

ਮੁੰਬਈ-ਉਘੇ ਅਦਾਕਾਰ ਅਤੇ 1986 ਵਿੱਚ ਲੜੀਵਾਰ 'ਰਾਮਾਇਣ' ਵਿੱਚ ਰਾਵਣ ਦੀ ਯਾਦਗਾਰ ਭੂਮਿਕਾ ਨਿਭਾਉਣ ਵਾਲੇ ਅਰਵਿੰਦ ਤ੍ਰਿਵੇਦੀ ਦਾ ਬੀਤੀ ਰਾਤ ਦਿਲ ਦਾ ਦੌਰਾ ਪੈਣ ਕਾਰਨ ਦੇਹਾਂਤ ਹੋ ਗਿਆ। ਉਹ 80 ਸਾਲਾਂ ਨੂੰ ਢੁਕੇ ਹੋਏ ਸਨ। ਅਦਾਕਾਰ ਦੇ ਭਤੀਜੇ ਕੌਸਤੁਭ ਤ੍ਰਿਵੇਦੀ ਮੁਤਾਬਕ, ਅਦਾਕਾਰ ਦੀ ਸਿਹਤ ਲੰਮੇ ਸਮੇਂ ਤੋਂ ਠੀਕ ਨਹੀਂ ਸੀ ਅਤੇ ਇੱਥੇ ਉਪ ਨਗਰ ਕਾਂਡੀਵਲੀ ਵਿੱਚ ਆਪਣੀ ਰਿਹਾਇਸ਼ 'ਤੇ ਬੀਤੀ ਰਾਤ ਲਗਪਗ ਦਸ ਵਜੇ ਉਨ੍ਹਾਂ ਆਖ਼ਰੀ ਸਾਹ ਲਿਆ। ਕੌਸਤੁਭ ਨੇ ਦੱਸਿਆ, "ਉਹ ਉਮਰ ਸਬੰਧੀ ਸਿਹਤ ਸਮੱਸਿਆਵਾਂ ਨਾਲ ਜੂਝ ਰਹੇ ਸਨ ਅਤੇ ਠੀਕ ਨਹੀਂ ਸਨ।" ਉਨ੍ਹਾਂ ਦਾ ਕਾਂਡੀਵਲੀ ਵਿੱਚ ਦਾਹਨੁਕਰ ਵਾੜੀ ਸਮਸ਼ਾਟਘਾਟ ਗਰਾਊਂਡ ਵਿੱਚ ਅੱਜ ਸਵੇਰੇ ਸਸਕਾਰ ਕਰ ਦਿੱਤਾ ਗਿਆ ਹੈ।



# ਲਖੀਮਪੁਰ ਕਾਂਡ ਦੇ ਇਨਸਾਫ ਲਈ ਅਕਾਲੀ ਦਲ ਦਾ ਵਫਦ ਗ੍ਰਹਿ ਮੰਤਰੀ ਨੂੰ ਮਿਲੇਗਾ-ਸੁਖਬੀਰ ਬਾਦਲ

ਅੰਮ੍ਰਿਤਸਰ (ਲਾਂਬਾ)-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਲਖੀਮਪੁਰ ਖੀਰੀ ਘਟਨਾ ਦੇ ਕਸੂਰਵਾਰਾਂ ਦੀ ਤੁਰੰਤ ਗ੍ਰਿਫ਼ਤਾਰੀ ਅਤੇ ਉਨ੍ਹਾਂ ਨੂੰ ਸਖ਼ਤ ਸਜ਼ਾਵਾਂ ਦਿਵਾਉਣ ਦੇ ਮੰਤਵ ਨਾਲ ਅਕਾਲੀ ਦਲ ਦਾ ਇਕ ਵਫ਼ਦ ਛੇਤੀ ਹੀ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੂੰ ਮਿਲੇਗਾ। ਉਹ ਅੱਜ ਇੱਥੇ ਵੱਖ-ਵੱਖ ਹਲਕਿਆਂ ਵਿੱਚ ਵਪਾਰੀ ਜਥੇਬੰਦੀਆਂ ਨਾਲ ਮੀਟਿੰਗ ਕਰਨ ਲਈ ਆਏ ਹੋਏ ਸਨ। ਇਥੇ ਗੋਬਿੰਦ ਧਾਮ ਗੋਪਾਲ ਗਊਸ਼ਾਲਾ ਫੋਕਲ ਪੁਆਇੰਟ ਦਾ ਦੌਰਾ ਕਰਨ ਮਗਰੋਂ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਖੁਦ ਅਕਾਲੀ ਦਲ ਦੇ ਵਫ਼ਦ ਦੀ ਅਗਵਾਈ ਕਰਨਗੇ ਅਤੇ ਪਾਰਟੀ ਨੇ ਮੀਟਿੰਗ ਵਾਸਤੇ ਕੇਂਦਰੀ ਗ੍ਰਹਿ ਮੰਤਰੀ ਤੋਂ ਪਹਿਲਾਂ ਹੀ ਸਮਾਂ ਮੰਗਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਸਮਾਂ ਮਿਲਣ 'ਤੇ ਸਿੱਖ ਵਫ਼ਦ ਅਮਿਤ ਸ਼ਾਹ ਨਾਲ ਮੁਲਾਕਾਤ ਕਰਕੇ ਮੁਲਜ਼ਮਾਂ ਲਈ ਮਿਸਾਲੀ ਸਜ਼ਾਵਾਂ ਦੀ ਮੰਗ ਕਰੇਗਾ। ਇਸੇ ਤਰ੍ਹਾਂ ਪਾਰਟੀ ਦਾ ਇਕ ਵਫ਼ਦ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੂੰ ਵੱਖਰੇ ਤੌਰ 'ਤੇ ਮਿਲੇਗਾ। ਇਸ ਦੌਰਾਨ ਉਨ੍ਹਾਂ ਕਿਹਾ ਕਿ ਯੋਗੀ ਸਰਕਾਰ ਨੂੰ ਵੀ ਪੀੜਤ ਕਿਸਾਨ ਪਰਿਵਾਰਾਂ ਨੂੰ ਨਿਆਂ ਦੇਣ ਵਾਸਤੇ ਤੇਜ਼ੀ ਨਾਲ ਕਾਰਵਾਈ ਕਰਨੀ ਚਾਹੀਦੀ ਹੈ। ਕਾਂਗਰਸੀ ਆਗੂਆਂ ਵੱਲੋਂ ਲਖੀਮਪੁਰ ਖੀਰੀ ਜਾਣ ਬਾਰੇ ਪੁੱਛਣ 'ਤੇ ਉਨ੍ਹਾਂ ਕਿਹਾ ਕਿ ਕਾਂਗਰਸੀ ਆਗੂ ਤਾਂ ਸਿਰਫ ਪ੍ਰਿਅੰਕਾ ਗਾਂਧੀ ਨੂੰ ਛੁਡਾਉਣ ਜਾ ਰਹੇ ਹਨ ਅਤੇ ਉਨ੍ਹਾਂ ਦਾ ਕਿਸਾਨਾਂ ਦੀ ਭਲਾਈ ਨਾਲ ਕੋਈ ਲੈਣ ਦੇਣ ਨਹੀਂ ਹੈ। ਇਸ ਦੌਰਾਨ ਉਨ੍ਹਾਂ ਦਿੱਲੀ ਦੀ 'ਆਪ' ਸਰਕਾਰ 'ਤੇ ਦੋਸ਼ ਲਾਇਆ ਕਿ ਉਹ ਸਿੱਖ ਕੌਮ ਦੇ ਧਾਰਮਿਕ ਮਾਮਲਿਆਂ ਵਿੱਚ ਬੇਲੋੜੀ ਦਖਲ-ਅੰਦਾਜ਼ੀ ਕਰ ਰਹੀ ਹੈ।






WE HAVE MOVED TO BIGGER & BETTER LOCATION
#208-7110-120TH ST, SURREY
ICBC
NO WIN NO FEE
WE DO HOME & HOSPITAL VISITS
Your Lawyers, Because We Care
Criminal Law
Divorce Cases
Immigration Law
Notary Services
Singh Thind and Associates
BARRISTERS & SOLICITORS
#208 7110 120TH ST, SURREY, BC V3W 3M8
Tel: 604.543.3886
Toll Free 1.866.543.3886
WWW.SINGHTHINDLAW.COM

# ਸਾਬਕਾ ਮੰਤਰੀ ਜਥੇਦਾਰ ਸੇਵਾ ਸਿੰਘ ਸੇਖਵਾਂ ਦਾ ਦੇਹਾਂਤ

ਬਟਾਲਾ-ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੈਂਬਰ ਸੇਵਾ ਸਿੰਘ ਸੇਖਵਾਂ ਦਾ ਅਚਾਨਕ ਦੇਹਾਂਤ ਹੋ ਗਿਆ। ਉਨ੍ਹਾਂ ਦੇ ਪੀ ਏ ਰਹੇ ਸਰਬਜੀਤ ਸਿੰਘ ਬਾਜਵਾ ਨੇ ਦੱਸਿਆ ਕਿ ਬੀਤੇ ਕੁਝ ਮਹੀਨਿਆਂ ਤੋਂ ਸਿਹਤ ਠੀਕ ਨਾ ਹੋਣ ਕਾਰਨ ਉਹ ਪਹਿਲਾਂ ਮੁਹਾਲੀ ਦੇ ਇੱਕ ਨਿੱਜੀ ਹਸਪਤਾਲ ਵਿੱਚ ਦਾਖਲ ਸਨ। ਸਿਹਤ ਜ਼ਿਆਦਾ ਵਿਗੜਨ 'ਤੇ ਉਨ੍ਹਾਂ ਨੂੰ ਚੰਡੀਗੜ੍ਹ ਦੇ ਐਸਕਾਰਟ ਹਸਪਤਾਲ ਦਾਖਲ ਕਰਵਾਇਆ ਗਿਆ, ਜਿੱਥੇ ਇਲਾਜ ਦੌਰਾਨ ਉਨ੍ਹਾਂ ਦਾ ਦੇਹਾਂਤ ਹੋ ਗਿਆ। ਵੱਖ-ਵੱਖ ਧਾਰਮਿਕ, ਸਮਾਜਸੇਵੀ ਅਤੇ ਸਿਆਸੀ ਆਗੂਆਂ ਨੇ ਉਨ੍ਹਾਂ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਸੇਵਾ ਸਿੰਘ ਸੇਖਵਾਂ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਸੇਖਵਾਂ ਦੇ ਵਾਸੀ ਸਨ ਅਤੇ ਉੱਘੇ ਸਿਆਸਤਦਾਨ ਮਰਹੂਮ ਜਥੇਦਾਰ ਉਜਾਗਰ ਸਿੰਘ ਸੇਖਵਾਂ ਦੇ ਪੁੱਤਰ ਸਨ। ਉਨ੍ਹਾਂ ਦੇ ਪਰਿਵਾਰ ਵਿੱਚ ਪੁੱਤਰ ਜਗਰੂਪ ਸਿੰਘ ਸੇਖਵਾਂ ਅਤੇ ਦੋ ਧੀਆਂ ਹਨ। ਉਹ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਨੂੰ ਛੱਡ ਕੇ ਪਿਛਲੇ ਮਹੀਨੇ ਹੀ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਸਨ। ਉਨ੍ਹਾਂ ਨੂੰ ਪਾਰਟੀ ਵਿੱਚ ਸ਼ਾਮਲ ਕਰਨ ਲਈ 'ਆਪ' ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦਰ ਕੇਜਰੀਵਾਲ ਉਚੇਚੇ ਤੌਰ 'ਤੇ ਉਨ੍ਹਾਂ ਦੇ ਪਿੰਡ ਸੇਖਵਾਂ ਆਏ ਸਨ।



### ਪਹਿਲੀ ਵਾਰ 1997 ਵਿੱਚ ਚੁਣੇ ਗਏ ਸਨ ਵਿਧਾਇਕ

ਹਲਕਾ ਬਟਾਲਾ ਅਧੀਨ ਆਉਂਦੇ ਪਿੰਡ ਸੇਖਵਾਂ ਦੇ ਰਹਿਣ ਵਾਲੇ ਸੇਵਾ ਸਿੰਘ ਸ਼੍ਰੋਮਣੀ ਅਕਾਲੀ ਦਲ ਬਾਦਲ ਤੋਂ 1997 ਵਿੱਚ ਪਹਿਲੀ ਵਾਰੀ ਵਿਧਾਇਕ ਚੁਣੇ ਜਾਣ ਮਗਰੋਂ ਕੈਬਨਿਟ ਮੰਤਰੀ ਬਣੇ ਸਨ। ਇਸੇ ਤਰ੍ਹਾਂ 2007 ਤੋਂ 2012 ਦੀ ਬਾਦਲ ਸਰਕਾਰ ਦੌਰਾਨ ਹਲਕਾ ਕਾਹਨੂੰਵਾਨ ਤੋਂ ਜ਼ਿਮਨੀ ਚੋਣ ਲੜ ਕੇ ਸੇਖਵਾਂ ਫਿਰ ਸਿੱਖਿਆ ਮੰਤਰੀ ਬਣੇ। 2017 'ਚ ਸ਼੍ਰੋਮਣੀ ਅਕਾਲੀ ਦਲ ਦੀ ਹਾਰ ਤੋਂ ਬਾਅਦ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਦੂਰੀਆਂ ਵਧਣ 'ਤੇ ਉਨ੍ਹਾਂ ਅਕਾਲੀ ਦਲ ਛੱਡ ਕੇ ਪਹਿਲਾਂ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਅਤੇ ਫਿਰ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨਾਲ ਪਾਰਟੀ ਬਣਾਈ। ਪਿਛਲੇ ਮਹੀਨੇ ਉਹ 'ਆਪ' ਵਿੱਚ ਸ਼ਾਮਲ ਹੋ ਗਏ ਸਨ।

# ਬੇਅਦਬੀ ਮਾਮਲੇ ਵਿਚ ਨਾਮਜ਼ਦ ਡੇਰਾ ਪ੍ਰੇਮੀਆਂ ਖ਼ਿਲਾਫ਼ ਦੋਸ਼ ਆਇਦ ਨਾ ਹੋ ਸਕੇ

ਫਰੀਦਕੋਟ-ਗੁਰੂ ਗ੍ਰੰਥ ਸਾਹਿਬ ਦੇ ਪੱਤਰੇ ਗਲੀਆਂ ਵਿੱਚ ਖਿਲਾਰਨ ਅਤੇ ਇਤਰਾਜ਼ਯੋਗ ਪੋਸਟਰ ਲਾਉਣ ਦੇ ਮਾਮਲੇ ਵਿੱਚ ਨਾਮਜ਼ਦ ਡੇਰਾ ਪ੍ਰੇਮੀਆਂ ਖ਼ਿਲਾਫ਼ ਅੱਜ ਇੱਥੇ ਦੋਸ਼ ਆਇਦ ਨਹੀਂ ਹੋ ਸਕੇ। ਵਿਸ਼ੇਸ਼ ਜਾਂਚ ਟੀਮ ਇਨ੍ਹਾਂ ਕੇਸਾਂ ਵਿੱਚ ਛੇ ਡੇਰਾ ਪ੍ਰੇਮੀਆਂ ਖ਼ਿਲਾਫ਼ ਚਲਾਨ ਪੇਸ਼ ਕਰ ਚੁੱਕੀ ਹੈ। ਡੇਰਾ ਪ੍ਰੇਮੀਆਂ ਨੇ ਜੁਡੀਸ਼ਲ ਮੈਜਿਸਟਰੇਟ ਤਰਜਨੀ ਦੀ ਅਦਾਲਤ ਵਿੱਚ ਅਰਜ਼ੀ ਦੇ ਕੇ ਮੰਗ ਕੀਤੀ ਹੈ ਕਿ ਦੋਸ਼ ਆਇਦ ਕਰਨ ਤੋਂ ਪਹਿਲਾਂ ਉਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਖਿਲਾਰੇ ਗਏ ਪੱਤਰਿਆਂ ਦੀਆਂ ਤਸਵੀਰਾਂ ਦਿੱਤੀਆਂ ਜਾਣ ਅਤੇ ਨਾਲ ਹੀ ਗੁਰੂ ਗ੍ਰੰਥ ਸਾਹਿਬ ਚੋਰੀ ਕਰਨ ਦੇ ਦੋਸ਼ਾਂ ਵਿੱਚ ਸਭ ਤੋਂ ਪਹਿਲਾਂ ਗ੍ਰਿਫ਼ਤਾਰ ਕੀਤੇ ਗਏ ਰੁਪਿੰਦਰ ਸਿੰਘ ਅਤੇ ਜਸਵਿੰਦਰ ਸਿੰਘ ਦੀ ਫੋਨ ਰਿਕਾਰਡਿੰਗ ਦਾ ਰਿਕਾਰਡ ਮੁਹੱਈਆ ਕਰਵਾਇਆ ਜਾਵੇ। ਡੇਰਾ ਪ੍ਰੇਮੀਆਂ ਨੇ ਅਦਾਲਤ ਵਿੱਚ ਅਰਜ਼ੀ ਦੇ ਕੇ ਮੰਗ ਕੀਤੀ ਹੈ ਕਿ ਵਿਵਾਦਤ ਪੋਸਟਰ ਦੀ ਪਰਖ ਰਿਪੋਰਟ ਨਕਲ ਵੀ ਉਨ੍ਹਾਂ ਨੂੰ ਮੁਹੱਈਆ ਕਰਵਾਈ ਜਾਵੇ ਅਤੇ ਇਨ੍ਹਾਂ ਮਾਮਲਿਆਂ ਦੀ ਪੜਤਾਲ ਦੌਰਾਨ ਸੀਬੀਆਈ ਵੱਲੋਂ ਜਿਹੜੇ ਗਵਾਹਾਂ ਦੇ ਬਿਆਨ ਲਿਖੇ ਗਏ ਸਨ, ਉਨ੍ਹਾਂ ਦੀਆਂ ਨਕਲਾਂ ਵੀ ਦਿੱਤੀਆਂ ਜਾਣ। ਅਦਾਲਤ ਨੇ ਇਸ ਮਾਮਲੇ ਵਿੱਚ ਵਿਸ਼ੇਸ਼ ਜਾਂਚ ਟੀਮ ਨੂੰ ਆਪਣਾ ਪੱਖ ਅਦਾਲਤ ਵਿੱਚ ਲਿਖਤੀ ਤੌਰ 'ਤੇ ਰੱਖਣ ਲਈ ਕਿਹਾ ਹੈ। ਇਸ ਅਰਜ਼ੀ ਦੇ ਨਿਪਟਾਰੇ ਤੋਂ ਬਾਅਦ ਹੀ ਮੁਲਜ਼ਮਾਂ ਖ਼ਿਲਾਫ਼ ਚਾਰਜ ਲਾਉਣ ਦੇ ਮੁੱਦੇ 'ਤੇ ਬਹਿਸ ਹੋਵੇਗੀ। ਅਦਾਲਤ ਨੇ ਇਸ ਮਾਮਲੇ ਦੀ ਸੁਣਵਾਈ 27 ਅਕਤੂਬਰ ਤੱਕ ਮੁਲਤਵੀ ਕਰ ਦਿੱਤੀ ਹੈ।

## ਜਦੋ ਫੇਸਬੁੱਕ, ਇੰਸਟਾਗ੍ਰਾਮ ਤੇ ਵਟਸਐਪ ਛੇ ਘੰਟੇ ਲਈ ਬੰਦ ਰਹੇ

ਵਾਸ਼ਿੰਗਟਨ-ਫੇਸਬੁੱਕ, ਇੰਸਟਾਗ੍ਰਾਮ, ਵਟਸਐਪ ਤੇ ਮੈਸੰਜਰ ਜਿਹੇ ਮਕਬੂਲ ਸੋਸ਼ਲ ਮੀਡੀਆ ਪਲੈਟਫਾਰਮਾਂ ਨੂੰ ਆਲਮੀ ਪੱਧਰ 'ਤੇ ਪਏ ਨੁਕਸ ਮਗਰੋਂ ਮੁੜ ਚਾਲੂ ਕਰ ਦਿੱਤਾ ਗਿਆ ਹੈ। 'ਨੁਕਸਦਾਰ ਕਨਫਿਗ੍ਰੇਸ਼ਨ ਬਦਲਾਅ' ਕਰਕੇ ਇਹ ਪਲੈਟਫਾਰਮ ਲਗਪਗ ਛੇ ਘੰਟਿਆਂ ਲਈ ਬੰਦ ਰਹੇ ਤੇ ਆਲਮੀ ਪੱਧਰ 'ਤੇ ਕਰੋੜਾਂ ਲੋਕ ਅਸਰਅੰਦਾਜ਼ ਹੋਏ। ਫੇਸਬੁੱਕ ਦੀ ਮਾਲਕੀ ਵਾਲੇ ਇਹ ਸਾਰੇ ਪਲੈਟਫਾਰਮ ਸੋਮਵਾਰ ਸ਼ਾਮ ਨੂੰ ਠੱਪ ਹੋ ਗਏ ਸਨ, ਜਿਸ ਕਾਰਨ ਵਰਤੋਂਕਾਰਾਂ ਦੀ ਵੱਖ ਵੱਖ ਸੇਵਾਵਾਂ ਤੇ ਉਤਪਾਦਾਂ ਤੱਕ ਰਸਾਈ ਮੁਸ਼ਕਲ ਹੋ ਗਈ। ਕੈਲੀਫੋਰਨੀਆ ਆਧਾਰਿਤ ਕੰਪਨੀ ਨੇ ਸੋਮਵਾਰ ਦੇਰ ਰਾਤ ਜਾਰੀ ਬਿਆਨ ਵਿੱਚ ਕਿਹਾ ਕਿ ਇਸ ਤਕਨੀਕੀ ਨੁਕਸ ਦੀ ਮੁੱਖ ਵਜ੍ਹਾ ਨੁਕਸਦਾਰ ਕਨਫਿਗ੍ਰੇਸ਼ਨ ਬਦਲਾਅ ਸੀ। ਕੰਪਨੀ ਨੇ ਹਾਲਾਂਕਿ ਨਾਲ ਹੀ ਸਾਫ਼ ਕੀਤਾ ਹੈ ਕਿ ਨੁਕਸ ਦੇ ਅਰਸੇ ਦੌਰਾਨ ਵਰਤੋਂਕਾਰਾਂ ਦੇ ਡੇਟਾ ਨਾਲ ਕਿਸੇ ਤਰ੍ਹਾਂ ਦਾ ਕੋਈ ਸਮਝੌਤਾ ਨਹੀਂ ਹੋਇਆ।



# ਮੁੱਖ ਮੰਤਰੀ ਚੰਨੀ ਵੱਲੋਂ ਕਿਸਾਨ ਮਸਲੇ ਦਾ ਜਲਦ ਕੱਢਣ ਦੀ ਅਪੀਲ-ਗ੍ਰਹਿ ਮੰਤਰੀ ਨਾਲ ਕੀਤੀ ਮੁਲਾਕਾਤ

ਨਵੀਂ ਦਿੱਲੀ (ਦਿਓਲ)-ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਇਥੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕਰਕੇ ਕਿਸਾਨਾਂ ਦੇ ਮੁੱਦੇ ਸੁਲਝਾਉਣ ਲਈ ਉਨ੍ਹਾਂ ਦੇ ਨਿੱਜੀ ਦਖ਼ਲ ਦੀ ਮੰਗ ਕੀਤੀ। ਉਨ੍ਹਾਂ ਕੇਂਦਰੀ ਮੰਤਰੀ ਨੂੰ ਖੇਤੀ ਕਾਨੂੰਨ ਛੇਤੀ ਹੀ ਰੱਦ ਕਰਨ ਦੀ ਅਪੀਲ ਵੀ ਕੀਤੀ। ਚੰਨੀ ਨੇ ਪੰਜਾਬ ਵਿਚ ਸਰਹੱਦ ਪਾਰੋਂ ਆਉਂਦੇ ਨਸ਼ਿਆਂ ਅਤੇ ਹਥਿਆਰਾਂ ਦੀ ਨਾਜਾਇਜ਼ ਤਸਕਰੀ ਦਾ ਮੁੱਦਾ ਵੀ ਚੁੱਕਿਆ। ਮੁੱਖ ਮੰਤਰੀ ਨੇ ਕੇਂਦਰੀ ਗ੍ਰਹਿ ਮੰਤਰੀ ਨੂੰ ਸਰਹੱਦਾਂ ਸੀਲ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਇਸ ਕਦਮ ਨਾਲ ਨਸ਼ਿਆਂ ਦੀ ਸਪਲਾਈ ਤੋੜਨ ਵਿਚ ਮਦਦ ਮਿਲੇਗੀ। ਮੁੱਖ ਮੰਤਰੀ ਚੰਨੀ ਨੇ ਦੋ ਦਿਨ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਰਸਮੀ ਮੁਲਾਕਾਤ ਕਰਨ ਮਗਰੋਂ ਅੱਜ ਦਿੱਲੀ ਵਿਚ ਕੇਂਦਰੀ ਗ੍ਰਹਿ ਮੰਤਰੀ ਨਾਲ ਉਨ੍ਹਾਂ ਦੀ ਰਿਹਾਇਸ਼ 'ਤੇ ਪਲੇਠੀ ਮੁਲਾਕਾਤ ਕੀਤੀ। ਮੀਟਿੰਗ ਮਗਰੋਂ ਮੁੱਖ ਮੰਤਰੀ ਨੇ ਉਮੀਦ ਜ਼ਾਹਿਰ ਕੀਤੀ ਕਿ ਉਨ੍ਹਾਂ ਨੂੰ ਸੁਖਾਵੇਂ ਮਾਹੌਲ ਵਿਚ ਹੋਈ ਗੱਲਬਾਤ ਤੋਂ ਬਾਅਦ ਇਸ ਦੇ ਉਸਾਰੂ ਸਿੱਟੇ ਨਿਕਲਣ ਦੀ ਆਸ ਹੈ। ਮੁੱਖ ਮੰਤਰੀ ਨੇ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਨੂੰ ਮੁੜ ਖੋਲ੍ਹਣ ਦੀ ਮੰਗ ਕਰਦੇ ਹੋਏ ਅਮਿਤ ਸ਼ਾਹ ਨੂੰ ਕਿਹਾ ਕਿ ਇਸ ਸਬੰਧੀ ਛੇਤੀ ਹੀ ਕੋਈ ਫ਼ੈਸਲਾ ਲਿਆ ਜਾਵੇ ਤਾਂ ਜੋ ਸ਼ਰਧਾਲੂ ਇਸ ਪਵਿੱਤਰ ਅਸਥਾਨ ਦੇ ਦਰਸ਼ਨ ਕਰ ਸਕਣ। ਇਸ ਸਬੰਧੀ ਅਮਿਤ ਸ਼ਾਹ ਨੇ ਮੁੱਖ ਮੰਤਰੀ ਨੂੰ ਯਕੀਨ ਦਿਵਾਇਆ ਕਿ ਉਹ ਵਿਆਪਕ ਚਰਚਾ ਮਗਰੋਂ ਲਾਂਘਾ ਖੋਲ੍ਹਣ ਬਾਰੇ ਫ਼ੈਸਲਾ ਲੈਣਗੇ।

# ਲਖੀਮਪੁਰ ਖੀਰੀ ਵਿਚ ਕਿਸਾਨਾਂ ਨੂੰ ਜੀਪ ਹੇਠ ਦਰੜਨ ਵਾਲੇ ਭਾਜਪਾ ਆਗੂ ਦੇ ਪੁੱਤਰ ਅਸ਼ੀਸ਼ ਮਿਸ਼ਰਾ ਖਿਲਾਫ 302 ਦਾ ਕੇਸ ਦਰਜ

[ਸਫ਼ਾ 3 ਦੀ ਬਾਕੀ]

ਇਸ ਨਾਲ ਹੀ ਉਨ੍ਹਾਂ ਦੱਸਿਆ ਕਿ ਪੁਲੀਸ ਨੇ ਅਸ਼ੀਸ਼ ਪਾਂਡੇ ਅਤੇ ਲਵ ਕੁਸ਼ ਨੂੰ ਗ੍ਰਿਫ਼ਤਾਰ ਕੀਤਾ ਹੈ, ਜੋ ਹਿੰਸਾ ਲਈ ਨਾਮਜ਼ਦ ਅਣਪਛਾਤਿਆਂ ਵਿੱਚ ਸ਼ਾਮਲ ਸਨ।

### ਸੁਪਰੀਮ ਕੋਰਟ ਵਲੋਂ ਦਖਲ

ਸੁਪਰੀਮ ਕੋਰਟ ਨੇ ਉੱਤਰ ਪ੍ਰਦੇਸ਼ ਸਰਕਾਰ ਨੂੰ ਪੁੱਛਿਆ ਹੈ ਕਿ ਲਖੀਮਪੁਰ ਖੀਰੀ ਘਟਨਾ ਵਿੱਚ ਕਿਹੜੇ ਮੁਲਜ਼ਮ ਹਨ, ਜਿਨ੍ਹਾਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ? ਸਰਵਉੱਚ ਅਦਾਲਤ ਨੇ ਸਰਕਾਰ ਨੂੰ ਕਿਹਾ ਕਿ ਉਹ ਇਹ ਵੀ ਦੱਸੇ ਕਿ ਜਿਨ੍ਹਾਂ ਮੁਲਜ਼ਮਾਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ ਕੀ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਸ 'ਤੇ ਰਾਜ ਸਰਕਾਰ ਨੇ ਕਿਹਾ ਕਿ ਉਹ ਇਸ ਬਾਰੇ ਰਿਪੋਰਟ ਦਾਖਲ ਕਰੇਗੀ। ਸੁਪਰੀਮ ਕੋਰਟ ਵੱਲੋਂ ਮਾਮਲੇ ਦੀ ਸੁਣਵਾਈ ਸ਼ੁੱਕਰਵਾਰ ਨੂੰ ਕੀਤੀ ਜਾਵੇਗੀ।

### ਜਾਂਚ ਕਮਿਸ਼ਨ ਕਾਇਮ

ਲਖਨਊ-ਯੂਪੀ ਸਰਕਾਰ ਨੇ ਲਖੀਮਪੁਰ ਖੀਰੀ ਹਿੰਸਾ ਮਾਮਲੇ ਦੀ ਜਾਂਚ ਲਈ ਇੱਕ ਮੈਂਬਰੀ ਕਮਿਸ਼ਨ ਕਾਇਮ ਕੀਤਾ ਗਿਆ ਹੈ। ਇਹ ਜ਼ਿੰਮੇਵਾਰੀ ਅਲਾਹਾਬਾਦ ਹਾਈ ਕੋਰਟ ਦੇ ਸਾਬਕਾ ਜੱਜ ਨੂੰ ਸੌਂਪੀ ਗਈ ਹੈ, ਜਿਨ੍ਹਾਂ ਨੂੰ ਦੋ ਮਹੀਨਿਆਂ ਦੇ ਅੰਦਰ ਜਾਂਚ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਗ੍ਰਹਿ ਵਿਭਾਗ ਦੇ ਵਧੀਕ ਮੁੱਖ ਸਕੱਤਰ ਅਵਨੀਸ਼ ਅਵਸਥੀ ਵੱਲੋਂ ਅੱਜ ਜਾਰੀ ਬਿਆਨ ਅਨੁਸਾਰ, 'ਕਮਿਸ਼ਨ ਲਈ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ। ਕਮਿਸ਼ਨ ਨੂੰ ਮਾਮਲੇ ਦੀ ਜਾਂਚ ਲਈ ਦੋ ਮਹੀਨੇ ਦਾ ਸਮਾਂ ਦਿੱਤਾ ਗਿਆ ਹੈ। ਮਾਮਲੇ ਦੀ ਜਾਂਚ ਅਲਾਹਾਬਾਦ ਹਾਈ ਕੋਰਟ ਦੇ ਸਾਬਕਾ ਜੱਜ ਜਸਟਿਸ ਪ੍ਰਦੀਪ ਕੁਮਾਰ ਸ੍ਰੀਵਾਸਤਵ ਕਰਨਗੇ।














# ਸੁਖ ਧਾਲੀਵਾਲ ਅਤੇ ਜੋਹਨ ਐਲਡੈਗ ਨੇ ਕੀਤਾ "ਨੂ ਬੀਸੀ ਬਿਲਡਰਜ਼ ਡੀਪੂ" ਦਾ ਉਦਘਾਟਨ

ਸਰੀ (ਹਰਦਮ ਮਾਨ)-ਬੀਤੇ ਦਿਨ ਲੈਂਗਲੀ ਬਾਈਪਾਸ ਉਪਰ "ਨੂ ਬੀਸੀ ਬਿਲਡਰਜ਼ ਡੀਪੂ" ਦਾ ਉਦਘਾਟਨ ਮੈਂਬਰ ਪਾਰਲੀਮੈਂਟ ਸੁਖ ਧਾਲੀਵਾਲ ਅਤੇ ਜੋਹਨ ਐਲਡੈਗ ਨੇ ਕੀਤਾ। ਉਦਘਾਟਨੀ ਰਸਮ ਮੌਕੇ ਪੰਜਾਬੀ ਭਾਈਚਾਰੇ ਦੀਆਂ ਉੱਘੀਆਂ ਸ਼ਖ਼ਸੀਅਤਾਂ ਸ਼ਾਮਲ ਹੋਈਆਂ। "ਨੂ ਬੀਸੀ ਬਿਲਡਰਜ਼ ਡੀਪੂ" ਵੱਲੋਂ ਰੀਨਾ ਚਾਵਲਾ, ਹਿੰਮਤ ਚਾਵਲਾ, ਰਾਇਮੰਡ ਵਾਲੀਆ, ਜੋਏ ਵਾਲੀਆ ਅਤੇ ਰੁਚਿਕਾ ਵਾਲੀਆਂ ਨੇ ਆਏ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ। ਬਹੁਤ ਹੀ ਮਨਮੋਹਣੀਆਂ ਟਾਈਲਾਂ ਅਤੇ ਇਲੈਕਟ੍ਰਿਕ ਫਾਇਰਪਲੇਸ ਨਾਲ ਖ਼ੂਬ ਸਜਾਏ ਗਏ ਇਸ ਦਿਲਕਸ਼ ਸ਼ੋਅ ਰੂਮ ਦੀ ਮਹਿਮਾਨਾਂ ਵੱਲੋਂ ਭਰਵੀਂ ਤਾਰੀਫ਼ ਕੀਤੀ ਗਈ। ਮੈਂਬਰ ਪਾਰਲੀਮੈਂਟ ਸੁਖ ਧਾਲੀਵਾਲ, ਜੋਹਨ ਐਲਡੈਗ ਅਤੇ ਰਣਦੀਪ ਸਿੰਘ ਸਰਾਏ ਨੇ ਰੀਨਾ ਚਾਵਲਾ ਅਤੇ ਸਮੁੱਚੀ ਟੀਮ ਨੂੰ ਹਾਰਦਿਕ ਮੁਬਾਰਕਬਾਦ ਦਿੱਤੀ। ਇਸ ਨਵੇਂ ਸ਼ੋਅਰੂਮ ਲਈ ਵਧਾਈਆਂ ਦੇਣ ਲਈ ਹੋਰਨਾਂ ਤੋਂ ਇਲਾਵਾ ਰੇਡੀਓ ਇੰਡੀਆ ਦੇ ਹੋਸਟ ਜਸਵਿੰਦਰ ਦਿਲਾਵਰੀ, ਸਾਹਿਲ ਵਾਲੀਆ, ਸੋਮਿਲ ਵਾਲੀਆ, ਸ਼ੈਲਿੰਦਰ ਮਿਸ਼ਰਾ, ਹਰਦਮ ਸਿੰਘ ਮਾਨ, ਡਾ: ਰੇਡੀਓ ਹੋਸਟ ਜਸਬੀਰ ਸਿੰਘ ਰੋਮਾਣਾ ਅਤੇ ਡਾ: ਰਮਿੰਦਰ ਕੰਗ ਨੇ ਵੀ ਸ਼ਮੂਲੀਅਤ ਕੀਤੀ।



ਲਖੀਮਪੁਰ ਖੀਰੀ ਹਿੰਸਾ

## ਹਰਸਿਮਰਤ ਦੀ ਅਗਵਾਈ ਹੇਠ ਅਕਾਲੀ ਦਲ ਦਾ ਵਫ਼ਦ ਮ੍ਰਿਤਕ ਕਿਸਾਨਾਂ ਦੇ ਪਰਿਵਾਰਾਂ ਨੂੰ ਮਿਲਿਆ

### ਪੀੜਤ ਪਰਿਵਾਰਾਂ ਨੂੰ ਪੰਜ-ਪੰਜ ਲੱਖ ਦੀ ਸਹਾਇਤਾ ਰਾਸ਼ੀ ਦੇ ਚੈੱਕ ਦਿੱਤੇ

ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਦੀ ਆਗੂ ਤੇ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦੀ ਅਗਵਾਈ ਹੇਠ ਪਾਰਟੀ ਆਗੂਆਂ ਦੇ ਇਕ ਵਫ਼ਦ ਵੱਲੋਂ ਅੱਜ ਲਖੀਮਪੁਰ ਹਿੰਸਾ ਵਿਚ ਮਰਨ ਵਾਲੇ ਕਿਸਾਨਾਂ ਦੇ ਪਰਿਵਾਰਾਂ ਨਾਲ ਮੁਲਾਕਾਤ ਕੀਤੀ ਗਈ। ਇਸ ਮੌਕੇ ਬੀਬੀ ਬਾਦਲ ਦੇ ਨਾਲ ਪਾਰਟੀ ਦੇ ਸੀਨੀਅਰ ਆਗੂ ਬਲਵਿੰਦਰ ਸਿੰਘ ਭੂੰਦੜ, ਪ੍ਰੇਮ ਸਿੰਘ ਚੰਦੂਮਾਜਰਾ, ਬਿਕਰਮ ਸਿੰਘ ਮਜੀਠੀਆ, ਮਨਪ੍ਰੀਤ ਸਿੰਘ ਇਆਲੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਵੀ ਹਾਜ਼ਰ ਸਨ। ਸ਼੍ਰੋਮਣੀ ਅਕਾਲੀ ਦਲ ਦੇ ਵਫ਼ਦ ਵੱਲੋਂ ਘਟਨਾ ਵਿਚ ਮਰਨ ਵਾਲੇ ਚਾਰੋਂ ਕਿਸਾਨਾਂ ਦੇ ਪਰਿਵਾਰਾਂ ਨਾਲ ਮੁਲਾਕਾਤ ਕੀਤੀ ਗਈ। ਪਾਰਟੀ ਵੱਲੋਂ ਜਾਰੀ ਇਕ ਬਿਆਨ ਅਨੁਸਾਰ ਬੀਬੀ ਬਾਦਲ ਵੱਲੋਂ ਕੇਂਦਰੀ ਰਾਜ ਮੰਤਰੀ ਅਜੈ ਕੁਮਾਰ ਮਿਸ਼ਰਾ ਨੂੰ ਤੁਰੰਤ ਅਹੁਦੇ ਤੋਂ ਹਟਾਉਣ ਅਤੇ ਉਨ੍ਹਾਂ ਦੇ ਪੁੱਤਰ ਆਸ਼ੀਸ਼ ਦੀ ਗ੍ਰਿਫ਼ਤਾਰੀ ਦੀ ਮੰਗ ਕੀਤੀ ਗਈ। ਬੀਬੀ ਬਾਦਲ ਵੱਲੋਂ ਪੀੜਤ ਪਰਿਵਾਰਾਂ ਨੂੰ 5-5 ਲੱਖ ਰੁਪਏ ਦੀ ਸਹਾਇਤਾ ਰਾਸ਼ੀ ਦੇ ਚੈੱਕ ਵੀ ਦਿੱਤੇ ਗਏ। ਇਸ ਤੋਂ ਇਲਾਵਾ ਉਨ੍ਹਾਂ ਭਰੋਸਾ ਦਿਵਾਇਆ ਕਿ ਐੱਸਜੀਪੀਸੀ ਵੱਲੋਂ ਭਵਿੱਖ ਵਿਚ ਮ੍ਰਿਤਕ ਕਿਸਾਨਾਂ ਦੇ ਬੱਚਿਆਂ ਦੀ ਪੜ੍ਹਾਈ ਸਬੰਧੀ ਲੋੜਾਂ ਦਾ ਧਿਆਨ ਰੱਖਿਆ ਜਾਵੇਗਾ।

Injured in an accident?

ICBC claim?

We can help.

Experienced and Professional staff are available for you. We cover all litigation expenses and if there is no recovery, there are no fees to you. Legal services also available in Punjabi,Hindi,Urdu.

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ

- ਤਜ਼ੁਰਬੇਕਾਰ ਅਤੇ ਪ੍ਰੋਫ਼ੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

We handle accident issues related to:

- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



For a fair settlement for your claim, call Mandeep Randhawa today.

604-449-7500

RM TRIAL LAWYERS
MANDEEP RANDHAWA LAW CORPORATION

PERSONAL INJURY LAWYERS
T 604-449-7500 F 604-449-7501
mrandhawa@rmlawyers.ca www.rmlawyers.ca
205-7134 King George Boulevard, Surrey, BC V3W 5A3

We Can Help You Sell Your House!
Satvir Cheema
604-240-9148

CENTURY 21 Coastal Realty Ltd.
#105-7928 128th St.,
Surrey, BC, V3W 4E8
satvir.cheema@century21.ca

PUNJAB LINK
ਪੰਜਾਬ ਲਿੰਕ
ਸ਼ਨਿਚਰਵਾਰ, 9 ਅਕਤੂਬਰ, 2021
ਰਿਅਲ ਅਸਟੇਟ | REAL ESTATE
www.punjablinkpaper.com 604-503-5465

For All Your Real Estate Needs
Amrik Cheema
*PREC
604-369-7000

CENTURY 21 Coastal Realty Ltd.
#105-7928 128th St.,
Surrey, BC, V3W 4E8
info@amrikcheema.com

## ਸਿੱਖਾਂ ਦਾ ਦਾਨ ਕੇਵਲ ਸਿੱਖਾਂ ਨੂੰ

# ਡਾ: ਸਰਬਜਿੰਦਰ ਸਿੰਘ ਵੱਲੋਂ ਠਾਕੁਰ ਦਲੀਪ ਸਿੰਘ ਜੀ ਦੇ ਵਿਚਾਰਾਂ ਦੀ ਪ੍ਰੋੜਤਾ



ਸਰੀ (ਹਰਦਮ ਮਾਨ)-ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਦੇ ਮੁਖੀ ਡਾ: ਸਰਬਜਿੰਦਰ ਸਿੰਘ ਨੇ ਨਾਮਧਾਰੀ ਸੰਪਰਦਾ ਦੇ ਮੁਖੀ ਠਾਕੁਰ ਦਲੀਪ ਸਿੰਘ ਜੀ ਦੇ ਸਿੱਖਾਂ ਵੱਲੋਂ ਕੀਤੇ ਜਾਂਦੇ ਦਾਨ ਪ੍ਰਤੀ ਪ੍ਰਗਟ ਕੀਤੇ ਵਿਚਾਰਾਂ ਦੀ ਪ੍ਰੋੜਤਾ ਕੀਤੀ ਹੈ। ਜ਼ਿਕਰਯੋਗ ਹੈ ਕਿ ਠਾਕੁਰ ਦਲੀਪ ਸਿੰਘ ਜੀ ਨੇ ਆਪਣੇ ਇਕ ਵੀਡੀਓ ਸੰਦੇਸ਼ ਵਿਚ ਕਿਹਾ ਹੈ ਕਿ ਗੁਰਬਾਣੀ ਅਨੁਸਾਰ ਸਿੱਖਾਂ ਦਾ ਦਾਨ ਕੇਵਲ ਸਿੱਖਾਂ ਲਈ ਹੋਣਾ ਚਾਹੀਦਾ ਹੈ। ਉਨ੍ਹਾਂ "ਸ੍ਰੀ ਦਸਮ ਗ੍ਰੰਥ " ਦੇ ਹਵਾਲੇ ਨਾਲ ਕਿਹਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਗ੍ਰੰਥ ਵਿਚ ਲਿਖਿਆ ਹੈ ਕਿ ਸਿੱਖਾਂ ਵੱਲੋਂ ਸਿੱਖਾਂ ਨੂੰ ਕੀਤਾ ਗਿਆ ਦਾਨ ਹੀ ਉਨ੍ਹਾਂ ਨੂੰ ਚੰਗਾ ਲੱਗਦਾ ਹੈ। ਗੁਰਸਿੱਖ ਨੂੰ ਦਿੱਤਾ ਦਾਨ ਹੀ ਅੱਗੇ ਜਾ ਕੇ ਪ੍ਰਲੋਕ ਵਿਚ ਫਲੇਗਾ ਅਤੇ ਗ਼ੈਰ ਸਿੱਖਾਂ ਨੂੰ ਦਿੱਤਾ ਦਾਨ ਨਿਹਫਲ ਹੋਵੇਗਾ। ਡਾ. ਸਰਬਜਿੰਦਰ ਸਿੰਘ ਨੇ ਕਿਹਾ ਹੈ ਕਿ ਠਾਕੁਰ ਦਲੀਪ ਸਿੰਘ ਜੀ ਦੀ ਇਹ ਵੀਡੀਓ ਧੁਰ ਅੰਦਰ ਤੱਕ ਸੋਚਣ ਲਈ ਮਜ਼ਬੂਰ ਕਰ ਦਿੰਦੀ ਹੈ। ਜੇਕਰ ਸਿੱਖਾਂ ਦੇ ਘਰ ਵਿਚ ਗੁਰਬਤ ਹੈ, ਹਨੇਰਾ ਹੈ, ਭੁੱਖਮਰੀ ਹੈ, ਦਾਣੇ ਦਾਣੇ ਦੀ ਮੁਹਥਾਜੀ ਹੈ, ਪੀੜਾ ਹੈ, ਵਿਰਲਾਪ ਹੈ ਅਤੇ ਅਜਿਹੇ ਹਾਲਾਤ ਵਿਚ ਸਿੱਖਾਂ ਨੇ ਆਪਣੇ ਗਰੀਬ ਸਿੱਖ ਭਾਈਚਾਰੇ ਬਾਰੇ ਨਹੀਂ ਸੋਚਣਾ ਤਾਂ ਫਿਰ ਇਸਾਈ, ਮੁਸਾਈ ਅਤੇ ਹਿੰਦਾਈ ਉਨ੍ਹਾਂ ਗਰੀਬ ਸਿੱਖਾਂ ਨੂੰ ਰੋਟੀ ਦਾ ਲਾਲਚ ਦੇ ਕੇ ਆਪਣੇ ਵੱਲ ਖਿੱਚ ਹੀ ਲੈਣਗੇ। ਅਜਿਹਾ ਹੋਣ ਮਗਰੋਂ ਸਿੱਖਾਂ ਵੱਲੋਂ ਕੀਤੇ ਗ਼ਿਲੇ ਸ਼ਿਕਵੇ ਜਾਂ ਸ਼ਿਕਾਇਤਾਂ ਦਾ ਕੋਈ ਅਰਥ ਨਹੀਂ ਰਹਿ ਜਾਂਦਾ। ਇਹ ਨਾ ਹੋਵੇ ਕਿ ਸਿੱਖ ਸਰਬੱਤ ਵੱਲ ਵੇਖਦੇ ਰਹਿ ਜਾਣ ਅਤੇ ਸਿੱਖਾਂ ਦੇ ਆਪਣੇ ਘਰ ਨੂੰ ਚੋਰ ਸੰਨ੍ਹ ਲਾ ਲੈਣ। ਉਨ੍ਹਾਂ ਕਿਹਾ ਕਿ "ਅਕਲੀ ਕੀਚੈ ਦਾਨ" ਦੇ ਮਹਾਂਵਾਕ ਨੂੰ ਭੁੱਲ ਭੁਲਾ ਕੇ ਜੇ ਕੁਝ ਕਰੋਗੇ ਤਾਂ ਮੂਲੋਂ ਹੀ ਨਿਰਾਰਥਕ ਹੋਵੇਗਾ। ਹੁਣ ਸੋਚਣ ਦਾ ਵੇਲਾ ਹੈ, ਜੇਕਰ ਨਾ ਸੋਚਿਆ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਸਾਡੇ ਵੱਲੋਂ ਬੇਮੁਖ ਹੋ ਜਾਣਗੇ ਅਤੇ ਜੇਕਰ ਗੁਰੂ ਨਾਨਕ ਜੀ ਨੇ ਸਾਡੀਆਂ ਕੋਤਾਹੀਆਂ ਨੂੰ ਵੇਖ ਕੇ ਸਾਡੇ ਵੱਲੋਂ ਮੁੱਖ ਮੋੜ ਲਿਆ ਤਾਂ ਸਾਡੇ ਪੱਲੇ ਕੁਝ ਨਹੀਂ ਰਹਿਣਾ। ਉਨ੍ਹਾਂ ਸਿੱਖ ਕੌਮ ਲਈ "ਦੀਜੈ ਬੁਧਿ ਬਿਬੇਕਾ" ਦੀ ਅਰਦਾਸ ਕਰਦਿਆਂ ਕਿਹਾ ਹੈ ਕਿ ਸਿੱਖਾਂ ਲਈ ਬੁਧਿ ਬਿਬੇਕ ਦੀ ਲੋੜ ਹੈ।

Offering Services For All Your Business and Real Estate Needs

- Buying / Selling Businesses
- Conveyancing
- Restorations of Dissolved Companies
- Business Contracts
- Builder's Liens
- Commercial Lease Agreements
- Wills & Powers of Attorney
- Representation Agreements
- Property Sub-Divisions
- Contract Disputes


HUGHES & COMPANY
LAW CORPORATION
www.hughesco.com
CEDRIC HUGHES
604.602.1828
HEAD OFFICE:
VANCOUVER
505-777 W. BROADWAY

SUNNY SANGHA • PERSONAL REAL ESTATE CORPORATION


14317 31A AVENUE




$4,488,000

Architectural elegance at its finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call us now to book your private showing!

9858 HUCKLEBERRY DRIVE




Welcome to Fraser Height's newest sub-division. This 3684 sqft lot is ready to build, the plans should be ready to pick up from the city in a few weeks. The home will include 7 bedrooms 6 bathrooms with a media room and a bar area for your own use downstairs. The total square footage for the home will be 3922 plus a garage. Call now to get more info.


Sunny Sangha
604-356-5555
SUNNY SANGHA
Personal Real Estate Corporation
CENTURY 21 Coastal Realty Ltd.
MLS MEDALLION CLUB MEMBER
Ram Johal
604-356-5555

www.sunnysangha.com | info@sunnysangha.com

ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES & COMPANY

LAW CORPORATION

www.hughesco.com

**EXPERIENCE • INTEGRITY • RESULTS**

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



**CEDRIC HUGHES**
LAWYER
Over 20 years serving the community




★★★★★

**4.9 STAR**

**Google**

**REVIEW !**

**Link!**
**hughesco.com**
*for reviews*

# 604.602.1828

MAIN OFFICE: 505-777 W. BROADWAY, VANCOUVER
SURREY OFFICE: 7164, 120 ST, SURREY ***(BY APPOINTMENT PLEASE)***
Email: cedric_hughes@hughesco.com

***AND** Service provided at Business Centres throughout the Fraser Valley and British Columbia.*

***Remote Location? No Problem. We will come to you !***


NEW NAME • NEW LOOK • NEW MANAGEMENT
VOLKEN'S
MARKET & FURNITURE
ਸ਼ਾਨਦਾਰ ਉਦਘਾਟਨ
WE CHANGE LIVES - YOU SAVE MONEY
ENTERTAINMENT
FOOD TRUCKS
LOCAL VENDORS
DOOR PRIZES
Volken's Corner
Maria
Store Manager
Earth Fare Hand Soap
$1.99 each
Kids & Adults disposable masks
50 count
$5.99
Farm Fresh Kale
69¢/bunch
Bananas
59¢/lb
Bacon Wrapped Tenderloin
$4.99 each
Irish Ham
$1.29/100g
In-Store Freshly Baked Bread
2 FOR $1.99
All Butter Croissant
$1.99/4pk
ALL HALLOWEEN costumes and decor
25% off
Nestle Bars
125 count
$14.99 per box
Limit 2 per household
QUALITY MEDIA SOFA SLEEPER
$1,999.95
• AVAILABLE IN 3 COLOURS
• STORAGE OTTOMAN
BRAND NAME MATTRESSES
From $109.95
DEXTON MEDICAL CORPORATION
10% off on all mobility aid products.
Offer valid Oct 4 to Oct 30
CANADA'S ONLY NOT-FOR-PROFIT MARKET & FURNITURE STORE
ALL PROCEEDS GO TO CHARITY
www.VOLKENSMARKET.org
6911 KING GEORGE BLVD.
MON-SAT 9AM TO 8PM
PRICES VALID OCT. 11 TO OCT. 16
HAPPY Thanksgiving DAY
Anti Fatigue Mat
$11.99
SALE
Pumpkin Pie Made in Store
$6.99
Cranberry Sauce
$1.49
Ocean Spray JELLIED CRANBERRY SAUCE
starting from
Assorted Bar Stools $69.95
Stove Top $1.49
Idahoan Potatoes $1.99
IDAHOAN Mashed Purée ORIGINAL
VOLKEN'S
MARKET & FURNITURE
ਘਰ ਦੀ ਸਜਾਵਟ ਦਾ ਸਮਾਨ
CANADA'S ONLY NOT-FOR-PROFIT MARKET & FURNITURE STORE
ALL PROCEEDS GO TO CHARITY
www.VOLKENSMARKET.org
6911 KING GEORGE BLVD.
MON-SAT 9AM TO 8PM
PRICES VALID OCT. 11 TO OCT. 16

# ਪੰਜਾਬੀ ਪ੍ਰੈੱਸ ਕਲੱਬ ਆਫ ਬੀਸੀ ਵੱਲੋਂ ਲਖੀਮਪੁਰ ਘਟਨਾ ਦੀ ਸਖਤ ਨਿਖੇਧੀ

ਸਰੀ, (ਹਰਦਮ ਮਾਨ)-ਪੰਜਾਬੀ ਪ੍ਰੈੱਸ ਕਲੱਬ ਆਫ ਬੀਸੀ ਵੱਲੋਂ ਬੀਤੇ ਦਿਨ ਸਰੀ ਵਿਚ ਕੀਤੀ ਗਈ ਮਹੀਨਾਵਾਰ ਮੀਟਿੰਗ ਦੌਰਾਨ ਪਾਸ ਕੀਤੇ ਇਕ ਮਤੇ ਰਾਹੀਂ ਲਖੀਮਪੁਰ (ਯੂ ਪੀ) ਵਿਚ ਹੋਏ ਪੱਤਰਕਾਰ ਰਮਨ ਕਸ਼ਿਅਪ ਦੇ ਕਤਲ ਅਤੇ ਹਿੰਸਾ ਵਿਚ ਮਾਰੇ ਗਏ ਕਿਸਾਨਾਂ ਦੇ ਪਰਿਵਾਰਾਂ ਨਾਲ ਦੁੱਖ ਦਾ ਇਜ਼ਹਾਰ ਕਰਦਿਆਂ ਇਸ ਘਟਨਾ ਦੀ ਸਖਤ ਨਿਖੇਧੀ ਕੀਤੀ ਗਈ। ਇਹ ਜਾਣਕਾਰੀ ਦਿੰਦਿਆਂ ਪ੍ਰੈਸ ਕਲੱਬ ਦੇ ਸਕੱਤਰ ਗੁਰਪ੍ਰੀਤ ਸਿੰਘ ਸਹੋਤਾ ਨੇ ਦੱਸਿਆ ਹੈ ਕਿ ਇਸ ਮੌਕੇ 'ਤੇ ਕੈਨੇਡਾ ਦੀ ਫੈਡਰਲ ਸਰਕਾਰ ਅਤੇ ਸੂਬਾਈ ਸਰਕਾਰਾਂ ਵੱਲੋਂ ਅਜਿਹੇ ਜਬਰ ਖ਼ਿਲਾਫ਼ ਖ਼ਾਮੋਸ਼ੀ ਧਾਰਨ ਕੀਤੇ ਜਾਣ ਦੀ ਵੀ ਨਿਖੇਧੀ ਕੀਤੀ ਗਈ। ਪ੍ਰੈੱਸ ਕਲੱਬ ਦੀ ਇਕੱਤਰਤਾ ਵਿਚ ਪੱਤਰਕਾਰ ਅਤੇ ਕਿਸਾਨ ਮ੍ਰਿਤਕਾਂ ਨੂੰ ਯਾਦ ਕਰਦਿਆਂ ਇਕ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ। ਇਕ ਹੋਰ ਮਤੇ ਰਾਹੀਂ ਦਲੇਰ, ਬੇਬਾਕ ਪੱਤਰਕਾਰਾ ਅਤੇ ਮਨੁੱਖੀ ਅਧਿਕਾਰਾਂ ਦੀ ਕਾਰਕੁੰਨ ਗੌਰੀ ਲੰਕੇਸ਼ ਦੀ ਯਾਦ ਵਿੱਚ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਬਰਨਬੀ ਦੀ ਸਿਟੀ ਕੌਂਸਲ ਵੱਲੋਂ ਐਲਾਨਨਾਮਾ ਜਾਰੀ ਕਰਨ ਅਤੇ ਉਸ ਦੇ ਨਾਂ 'ਤੇ 'ਗੌਰੀ ਲੰਕੇਸ਼ ਦਿਹਾੜਾ' ਐਲਾਨੇ ਜਾਣ 'ਤੇ ਵੀ ਪੰਜਾਬੀ ਪ੍ਰੈੱਸ ਕਲੱਬ ਬੀਸੀ ਵੱਲੋਂ ਧੰਨਵਾਦ ਕੀਤਾ ਗਿਆ। ਪੰਜਾਬੀ ਪ੍ਰੈੱਸ ਕਲੱਬ ਆਫ ਬੀਸੀ ਕੈਨੇਡਾ ਵੱਲੋਂ ਸੰਸਾਰ ਪੱਧਰ 'ਤੇ ਪੱਤਰਕਾਰਾਂ ਦੀ ਆਜ਼ਾਦੀ 'ਤੇ ਹੋ ਰਹੇ ਹਮਲਿਆਂ ਦੀ ਜ਼ੋਰਦਾਰ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ।



ਪੰਜਾਬੀ ਪ੍ਰੈਸ ਕਲੱਬ ਆਫ ਬੀ ਸੀ
Punjabi Press Club of BC

# ਲਖੀਮਪੁਰ ਘਟਨਾ ਦੇ ਦੋਸ਼ੀਆਂ ਖ਼ਿਲਾਫ਼ ਤੁਰੰਤ ਠੋਸ ਕਾਰਵਾਈ ਹੋਵੇ-ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ

ਮਹਿਤਾ ਚੌਂਕ-ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਲਖੀਮਪੁਰ ਖੀਰੀ ਘਟਨਾ ਲਈ ਜ਼ਿੰਮੇਵਾਰ ਅਨਸਰਾਂ ਤੇ ਕਾਤਲਾਂ ਖ਼ਿਲਾਫ਼ ਕਾਰਵਾਈ ਪ੍ਰਤੀ ਦੇਰੀ ਲਈ ਯੂ ਪੀ ਸਰਕਾਰ ਦੀ ਸਖ਼ਤ ਨਿਖੇਧੀ ਕੀਤੀ ਅਤੇ ਇਸ ਮਾਮਲੇ ਚ ਮ੍ਰਿਤਕ ਕਿਸਾਨਾਂ ਦੇ ਪਰਿਵਾਰਾਂ ਨੂੰ ਇਨਸਾਫ਼ ਅਤੇ ਯੋਗ ਮੁਆਵਜ਼ਾ ਦੇਣ ਲਈ ਪ੍ਰਧਾਨ ਮੰਤਰੀ ਨੂੰ ਤੁਰੰਤ ਦਖ਼ਲ ਦੇਣ ਲਈ ਕਿਹਾ। ਦਮਦਮੀ ਟਕਸਾਲ ਮੁਖੀ ਨੇ ਕਿਹਾ ਕਿ ਲਖੀਮਪੁਰ ਖੀਰੀ ਘਟਨਾ ਨੇ ਇਨਸਾਫ਼ ਪਸੰਦ ਦੇਸ਼ ਵਾਸੀਆਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਉਨ੍ਹਾਂ ਦੁੱਖ ਅਤੇ ਹੈਰਾਨੀ ਪ੍ਰਗਟ ਕਰਦਿਆਂ ਕਿਹਾ ਕਿ ਲਖੀਮਪੁਰ ਘਟਨਾ ਲਈ ਜ਼ਿੰਮੇਵਾਰ ਲੋਕਾਂ ਦੀ ਕੇਂਦਰ ਅਤੇ ਉੱਤਰ ਪ੍ਰਦੇਸ਼ ਸਰਕਾਰ ਵੱਲੋਂ ਸਰਪ੍ਰਸਤੀ ਕੀਤੀ ਜਾ ਰਹੀ ਹੈ। ਜਿਸ ਕਾਰਨ ਕਿਸਾਨਾਂ ਦੇ ਕਾਤਲਾਂ ਖ਼ਿਲਾਫ਼ ਕੋਈ ਕਾਰਵਾਈ ਜਾਂ ਠੋਸ ਕਦਮ ਨਹੀਂ ਚੁੱਕੇ ਜਾ ਰਹੇ। ਉਨ੍ਹਾਂ ਖੇਤੀ ਬਾਰੇ ਕਾਲੇ ਕਾਨੂੰਨ ਤੁਰੰਤ ਖ਼ਾਰਜ ਦੀ ਗਲ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਸੰਘਰਸ਼ਸ਼ੀਲ ਕਿਸਾਨਾਂ ਖ਼ਿਲਾਫ਼ ਲਗਾਈ ਹੋਈ ਅਣਐਲਾਨੀ ਐਮਰਜੈਂਸੀ ਅਤੇ ਅਰਾਜਕਤਾ ਦੇਸ਼ ਦੇ ਹਿਤ ਵਿਚ ਨਹੀਂ ਹੋਵੇਗਾ। ਉਨ੍ਹਾਂ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੇ ਮਿਸ਼ਰਾ ਟੈਨੀ ਨੂੰ ਤੁਰੰਤ ਬਰਖ਼ਾਸਤ ਕਰਨ ਅਤੇ ਉਕਤ ਕਤਲ ਕਾਂਡ ਪਿਛੇ ਕਾਰਜਸ਼ੀਲ ਵਡੀ ਸਾਜ਼ਿਸ਼ ਨੂੰ ਬੇਨਕਾਬ ਕਰਨ ਲਈ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਵੱਲੋਂ ਦਿੱਤੇ ਗਏ ਭੜਕਾਊ ਭਾਸ਼ਣ ਪ੍ਰਤੀ ਨਿਆਇਕ ਜਾਂਚ ਦੀ ਮੰਗ ਕੀਤੀ। ਉਨ੍ਹਾਂ ਲਖੀਮਪੁਰ ਖੀਰੀ ਜਾ ਰਹੇ ਸਿਆਸੀ ਆਗੂਆਂ ਅਤੇ ਆਮ ਲੋਕਾਂ ਨੂੰ ਰਾਹ ਵਿਚ ਰੋਕਣ ਲਈ ਵੀ ਯੂ ਪੀ ਸਰਕਾਰ ਦੀ ਨਿਖੇਧੀ ਕੀਤੀ ਹੈ।



# ਜਗਤ ਪ੍ਰਸਿੱਧ ਹੈ ਕੁੱਲੂ ਦਾ ਦੁਸਹਿਰਾ

ਦੁਸਹਿਰਾ ਪੂਰੇ ਭਾਰਤ ਵਿੱਚ ਮਨਾਇਆ ਜਾਣ ਵਾਲਾ ਤਿਉਹਾਰ ਹੈ। ਇਸ ਤਿਉਹਾਰ ਦਾ ਪਰੰਪਰਾ ਤੇ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਬੜਾ ਮਹੱਤਵ ਹੈ। ਜਿਵੇਂ-ਜਿਵੇਂ ਦੁਸਹਿਰਾ ਨੇੜੇ ਆਉਂਦਾ ਹੈ, ਇੱਕ ਸੰਕਲਪ ਸਾਡੇ ਮਨਾਂ ਵਿੱਚ ਹੁਲਾਰੇ ਲੈਣ ਲੱਗਦਾ ਹੈ ਕਿ ਅਸੀਂ ਬੁਰਾਈ ਨੂੰ ਜੜ੍ਹ ਤੋਂ ਉਖਾੜ ਸੁੱਟਣਾ ਹੈ। ਮਨ ਵਿੱਚ ਬੈਠੇ ਹਰ ਰਾਵਣ ਦੇ ਸਿਰ ਨੂੰ ਕੁਚਲਣਾ ਹੈ। ਦੁਸਹਿਰਾ ਪੂਰੇ ਭਾਰਤ ਵਿੱਚ ਕਈ ਜਗ੍ਹਾ ਵੱਖੋ-ਵੱਖਰੇ ਢੰਗ ਨਾਲ ਮਨਾਇਆ ਜਾਂਦਾ ਹੈ। ਕੁੱਲੂ ਦਾ ਦੁਸਹਿਰਾ ਜਗਤ ਪ੍ਰਸਿੱਧ ਹੈ। ਇਸ ਦੁਸਹਿਰਾ ਵੇਖਣ ਲਈ ਲੋਕ ਦੂਰ-ਦੂਰ ਤੋਂ ਆਉਂਦੇ ਹਨ। ਵੱਡੇ ਪੱਧਰ 'ਤੇ ਝਾਕੀਆਂ ਕੱਢੀਆਂ ਜਾਂਦੀਆਂ ਹਨ ਜਿਨ੍ਹਾਂ ਦਾ ਦੇਰ ਰਾਤ ਤਕ ਆਨੰਦ ਮਾਣਿਆ ਜਾ ਸਕਦਾ ਹੈ। ਕਈਂ ਥਾਵਾਂ 'ਤੇ ਜਦੋਂ ਦੁਸਹਿਰਾ ਸਮਾਪਤੀ ਵੱਲ ਵਧ ਰਿਹਾ ਹੁੰਦਾ ਹੈ ਤਾਂ ਹਰੀ ਭਰੀ ਘਾਟੀ ਕੁੱਲੂ ਦਾ ਦੁਸਹਿਰਾ ਆਪਣੀਆਂ ਤਿਆਰੀਆਂ ਵਿੱਚ ਸਰਗਰਮ ਹੁੰਦਾ ਹੈ। ਇਸ ਤਿਉਹਾਰ ਦੇ ਪਹਿਲੇ ਦਿਨ ਦੁਸਹਿਰੇ ਦੀ ਦੇਵੀ ਮਨਾਲੀ ਦੀ ਹਿਡਿੰਬਾ ਕੁੱਲੂ ਆਉਂਦੀ ਹੈ ਜਿਹੜੀ ਰਾਜ ਘਰਾਣੇ ਦੀ ਦੇਵੀ ਮੰਨੀ ਜਾਂਦੀ ਹੈ। ਰਾਜ ਘਰਾਣੇ ਦੇ ਸਾਰੇ ਮੈਂਬਰ ਉਸ ਦਾ ਆਸ਼ੀਰਵਾਦ ਪਾਉਣ ਲਈ ਆਉਂਦੇ ਹਨ। ਇਸ ਮਗਰੋਂ ਧਾਲਪੁਰ ਵਿੱਚ ਹਿਡਿੰਬਾ ਦਾ ਪ੍ਰਵੇਸ਼ ਹੁੰਦਾ ਹੈ। ਰੱਥ ਵਿੱਚ ਰਘੂਨਾਥ ਜੀ ਦੀ ਤਿੰਨ ਇੰਚ ਦੀ ਮੂਰਤੀ ਤੇ ਉਸ ਤੋਂ ਵੀ ਛੋਟੀ ਸੀਤਾ ਤੇ ਹਿਡਿੰਬਾ ਨੂੰ ਬੜੀ ਸੁੰਦਰਤਾ ਨਾਲ ਸਜਾ ਕੇ ਰੱਖਿਆ ਜਾਂਦਾ ਹੈ। ਪਹਾੜਾਂ ਦੀ ਮਾਤਾ ਭੇਖਲੀ ਦੀ ਪੂਜਾ ਮਗਰੋਂ ਰੱਥ ਯਾਤਰਾ ਆਰੰਭ ਹੋ ਜਾਂਦੀ ਹੈ। ਮਾਨਤਾ ਹੈ ਕਿ ਇਸ ਤਿਉਹਾਰ ਦੇ ਛੇਵੇਂ ਦਿਨ ਦੇਵੀ-ਦੇਵਤੇ ਇਕੱਠੇ ਹੋ ਕੇ ਮਿਲਦੇ ਹਨ ਜਿਸ ਨੂੰ ਮੁਹੱਲਾ ਕਹਿੰਦੇ ਹਨ। ਸਾਰੀ ਰਾਤ ਲੋਕਾਂ ਦਾ ਨਾਚ-ਗਾਣਾ ਚੱਲਦਾ ਰਹਿੰਦਾ ਹੈ। ਸੱਤਵੇਂ ਦਿਨ ਰਘੂਨਾਥ ਜੀ (ਰਾਮ ਜੀ) ਦੇ ਰੱਥ ਨੂੰ ਬਿਆਸ ਨਦੀ ਕੰਢੇ ਲਿਜਾਇਆ ਜਾਂਦਾ ਹੈ ਜਿੱਥੇ ਕੰਡੇਦਾਰ ਰੁੱਖ ਨੂੰ ਲੰਕਾ ਦਹਿਨ ਦੇ ਰੂਪ ਵਿੱਚ ਸਾੜਿਆ ਜਾਂਦਾ ਹੈ। ਇਸ ਮਗਰੋਂ ਰੱਥ ਆਪਸ ਆਪਣੇ ਸਥਾਨ 'ਤੇ ਲਿਆਇਆ ਜਾਂਦਾ ਹੈ। ਸ੍ਰੀ ਰਘੂਨਾਥ ਦੀ ਮੂਰਤੀ ਨੂੰ ਰਘੂਨਾਥ ਦੇ ਮੰਦਰ ਅੰਦਰ ਸ਼ਰਧਾਪੂਰਬਕ ਦੁਬਾਰਾ ਸਥਾਪਿਤ ਕਰ ਦਿੱਤਾ ਜਾਂਦਾ ਹੈ। ਇੰਜ ਕੁੱਲੂ ਦਾ ਸੰਸਾਰ ਪ੍ਰਸਿੱਧ ਦੁਸਹਿਰਾ ਜਸ਼ਨਾਂ, ਜੋਸ਼ ਤੇ ਉਮੰਗ ਨਾਲ ਪੂਰਾ ਹੁੰਦਾ ਹੈ। ਕੁੱਲੂ ਘਾਟੀ ਦਾ ਨਜ਼ਾਰਾ ਬੜਾ ਰਮਣੀਕ ਹੁੰਦਾ ਹੈ। ਚਾਰੇ ਪਾਸੇ ਹਰਿਆਲੀ ਦੀ ਚਾਦਰ ਵਿਛੀ ਨਜ਼ਰ ਪੈਂਦੀ ਹੈ। ਪਹਾੜੀਆਂ ਦੇ ਵਿੱਚੋਂ ਲਗਾਤਾਰ ਵਗਦੀਆਂ ਠੰਢੀਆਂ ਹਵਾਵਾਂ ਦੀ ਛੋਹ ਮਨ ਨੂੰ ਰੋਮਾਂਚਿਤ ਕਰ ਦਿੰਦੀ ਹੈ। ਫੋਟੋਗ੍ਰਾਫਰਾਂ ਲਈ ਇਹ ਸਥਾਨ ਵਿਸ਼ੇਸ਼ ਖਿੱਚ ਦਾ ਕੇਂਦਰ ਹੈ। ਇੱਥੋਂ ਦਾ ਰਘੂਨਾਥ ਮੰਦਰ ਸੈਲਾਨੀਆਂ ਲਈ ਖਿੱਚ ਦਾ ਕੇਂਦਰ ਹੈ। ਇੱਥੋਂ ਕਰੀਬ ਤਿੰਨ ਕਿਲੋਮੀਟਰ ਦੂਰ ਜਗਨਾਥੀ ਦੇਵੀ ਤੇ ਭੇਖਲੀ ਦੇਵੀ ਮੰਦਰ ਹੈ ਜਿਸ ਪ੍ਰਤੀ ਲੋਕਾਂ ਵਿੱਚ ਅਟੁੱਟ ਵਿਸ਼ਵਾਸ ਦੇਖਣ ਨੂੰ ਮਿਲਦਾ ਹੈ। ਦੁਸਹਿਰਾ ਭਾਵੇਂ ਕਈ ਸਥਾਨਾਂ 'ਤੇ ਵੱਖੋ-ਵੱਖਰੇ ਢੰਗ ਨਾਲ ਮਨਾਇਆ ਜਾਂਦਾ ਹੈ ਪਰ ਸਭ ਦੀ ਭਾਵਨਾ ਸ੍ਰੀ ਰਾਮ ਚੰਦਰ ਦੇ ਆਦਰਸ਼ ਗੁਣਾਂ ਦੀ ਪੇਸ਼ਕਾਰੀ ਤੇ ਨੇਕੀ ਦੀ ਬੁਰਾਈ 'ਤੇ ਜਿੱਤ ਹੈ। ਇਹ ਤਿਉਹਾਰ ਸਾਨੂੰ ਇਹੋ ਸੁਨੇਹਾ ਦਿੰਦਾ ਹੈ ਕਿ ਸਾਨੂੰ ਮਾਨਵਤਾ ਦੀ ਸੇਵਾ ਕਰਦਿਆਂ ਬੁਰੇ ਕਰਮਾਂ ਤੋਂ ਦੂਰ ਰਹਿਣਾ ਚਾਹੀਦਾ ਹੈ।



JOSAN REBAR & DAMPPROOFING LTD.
7 ਸਾਲ ਤੋਂ ਵੱਧ ਤਜਰਬਾ
• BEAM LOG • POLY
• COMPACTING
• STYROFOAM
• FOUNDATION
• DAMPPROOFING
• WINDOW WELL
• INSULATION
• REINFORCING STEEL
• POST TENSIONING & WIRE MESH
• DRIVEWAY, SIDEWALK & GARAGE
JR
- ਮੁਫ਼ਤ ਐਸਟੀਮੇਟ ਲਈ ਫੋਨ ਕਰੋ:
ਸੁਖਵਿੰਦਰ ਸਿੰਘ ਜੋਸਨ
604.250.1686
Email: sukhwinderjosan25@gmail.com





ਓਸ਼ਨ ਵਿਊ ਫਿਸ਼ ਕੈਨਰੀ
OCEAN VIEW FISH CANNERY
ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
• ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
• ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
• ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
• ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।
604-594-0616
ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।





# ਸਰੀ ਵਿਚ ਨਾਮਵਰ ਸ਼ਾਇਰ ਕੇਸਰ ਸਿੰਘ ਨੀਰ ਨਾਲ ਮਿਲਣੀ

ਸਰੀ, (ਹਰਦਮ ਮਾਨ)-ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਕੈਨੇਡਾ ਵੱਲੋਂ ਕੈਲਗਰੀ ਤੋਂ ਆਏ ਪੰਜਾਬੀ ਦੇ ਨਾਮਵਰ ਸ਼ਾਇਰ ਕੇਸਰ ਸਿੰਘ ਨੀਰ ਦੇ ਮਾਣ ਵਿਚ ਸਰੀ ਵਿਖੇ ਇਕ ਸੰਖੇਪ ਪ੍ਰੋਗਰਾਮ ਕਰਵਾਇਆ ਗਿਆ ਜਿਸ ਵਿਚ ਕੁਝ ਚੋਣਵੇਂ ਸਾਹਿਤਕਾਰ ਸ਼ਾਮਲ ਹੋਏ।



ਕੇਸਰ ਸਿੰਘ ਨੀਰ ਦਾ ਸਵਾਗਤ ਕਰਦਿਆਂ ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਕੈਨੇਡਾ ਦੇ ਬਾਨੀ ਜੈਤੇਗ ਸਿੰਘ ਅਨੰਤ ਨੇ ਕਿਹਾ ਕਿ ਇਕ ਦਰਜਨ ਤੋਂ ਵੀ ਵੱਧ ਸਾਹਿਤਕ ਪੁਸਤਕਾਂ ਰਾਹੀਂ ਪੰਜਾਬੀ ਸਾਹਿਤ ਵਿਚ ਵੱਡਮੁੱਲਾ ਯੋਗਦਾਨ ਪਾਉਣ ਵਾਲੇ ਕੇਸਰ ਸਿੰਘ ਨੀਰ ਨੇ ਆਪਣੇ ਜੀਵਨ ਸੰਘਰਸ਼ ਵਿਚ ਬੇਹੱਦ ਘਾਲਣਾ ਘਾਲੀ ਹੈ ਅਤੇ ਉਨ੍ਹਾਂ ਦੀਆਂ ਸਾਹਿਤਕ ਕਿਰਤਾਂ ਵਿਚ ਵੀ ਇਸ ਸਖਤ ਮਿਹਨਤ ਦੀ ਗਵਾਹੀ ਭਰਦੀਆਂ ਹਨ। ਉਨ੍ਹਾਂ ਦੇ ਸਾਹਿਤਕ ਯੋਗਦਾਨ ਲਈ ਹੋਰਨਾਂ ਮਾਣ ਸਨਮਾਨਾਂ ਤੋਂ ਇਲਾਵਾ ਭਾਸ਼ਾ ਵਿਭਾਗ ਪੰਜਾਬ ਵੱਲੋਂ 2012 ਵਿਚ ਉਨ੍ਹਾਂ ਨੂੰ ਸ਼ਰੋਮਣੀ ਸਾਹਿਤਕਾਰ ਦਾ ਵਡੇਰਾ ਸਨਮਾਨ ਪ੍ਰਦਾਨ ਕੀਤਾ ਗਿਆ ਹੈ। ਪ੍ਰੋਗਰਾਮ ਦਾ ਸੰਚਾਲਨ ਕਰਦਿਆਂ ਪੰਜਾਬੀ ਹੈਰੀਟੇਜ ਦੇ ਸੰਪਾਦਕ ਲਖਬੀਰ ਸਿੰਘ ਖੰਗੂੜਾ ਨੇ ਕੇਸਰ ਸਿੰਘ ਨੀਰ ਦੀ ਸੰਖੇਪ ਜਾਣ ਪਛਾਣ ਕਰਵਾਉਂਦਿਆਂ ਉਨ੍ਹਾਂ ਨੂੰ ਸਰੋਤਿਆਂ ਦੇ ਰੂਬਰੂ ਕੀਤਾ। ਕੇਸਰ ਸਿੰਘ ਨੀਰ ਨੇ ਆਪਣੇ ਬਚਪਨ, ਸਕੂਲੀ ਜੀਵਨ, ਆਪਣੀ ਸਿੱਖਿਆ, ਆਪਣੇ ਅਧਿਆਪਨ ਕਾਰਜ, ਟੀਚਰ ਯੂਨੀਅਨ ਅਤੇ ਆਪਣੇ ਪਿੰਡੇ ਤੇ ਹੰਢਾਈਆਂ ਤਲਖੀਆਂ, ਮੁਸ਼ੱਕਤਾਂ ਦਾ ਸੰਖੇਪ ਵਰਨਣ ਕੀਤਾ। ਉਨ੍ਹਾਂ ਦੱਸਿਆ ਕਿ ਪੰਜਾਬੀ ਦੇ ਉਸਤਾਦ ਗ਼ਜ਼ਲਗੋ ਪ੍ਰਿੰ। ਤਖਤ ਦੀ ਪ੍ਰੇਰਨਾ ਨਾਲ ਉਨ੍ਹਾਂ ਗ਼ਜ਼ਲ ਖੇਤਰ ਵਿਚ ਪ੍ਰਵੇਸ਼ ਕੀਤਾ ਅਤੇ ਉਨ੍ਹਾਂ ਨੂੰ ਉਸਤਾਦ ਧਾਰਨ ਕਰਕੇ ਗ਼ਜ਼ਲ ਦੀਆਂ ਬਰੀਕੀਆਂ ਅਤੇ ਗ਼ਜ਼ਲ ਦੀ ਰਚਨ ਪ੍ਰਕਿਰਿਆ ਬਾਰੇ ਗਿਆਨ ਹਾਸਲ ਕੀਤਾ। ਉਨ੍ਹਾਂ ਆਪਣੀਆਂ ਪੁਸਤਕਾਂ ਬਾਰੇ ਸੰਖੇਪ ਵਿਚ ਜਾਣਕਾਰੀ ਦਿੱਤੀ। ਇਸ ਮੌਕੇ ਉਨ੍ਹਾਂ ਆਪਣੀਆਂ ਕੁਝ ਰਚਨਾਵਾਂ ਵੀ ਸਾਂਝੀਆਂ ਕੀਤੀਆਂ। ਆਪਣੀ ਸ਼ਾਇਰੀ ਰਾਹੀਂ ਲੋਕਾਂ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ-

**ਉਠਾਇਆ ਹੈ ਸਦਾ ਦਿਲ ਤੇ ਜੀਹਨੇ ਵੀ ਭਾਰ ਲੋਕਾਂ ਦਾ।**
**ਉਸੇ ਨੂੰ ਹੀ ਸਦਾ ਮਿਲਿਆ ਹੈ ਪੂਰਾ ਪਿਆਰ ਲੋਕਾਂ ਦਾ।**

ਇਸ ਪ੍ਰੋਗਰਾਮ ਵਿਚ ਸ਼ਾਮਲ ਪੰਜਾਬੀ ਕਹਾਣੀਕਾਰ ਅਤੇ ਕਵੀ ਬਿੱਕਰ ਸਿੰਘ ਖੋਸਾ ਨੇ ਆਪਣੇ ਸ਼ਿਅਰਾਂ ਰਾਹੀਂ ਅਜੋਕੇ ਮਨੁੱਖ ਦੇ ਬਹੁਪਰਤੀ ਕਿਰਦਾਰ ਦੀ ਗੱਲ ਕਰਦਿਆਂ ਕਿਹਾ-

**ਉਹੀ ਚੜ੍ਹ ਕੇ ਸਟੇਜੀਂ ਹੱਸਣੇ ਦੀ ਜਾਚ ਦੱਸਦਾ ਹੈ**
**ਕੋਈ ਮੁਸਕਾਨ ਕੀਤੀ ਕੈਦ ਜਿਸ ਆਪਣੇ ਦਰਾਂ ਅੰਦਰ।**

ਕਵਿੱਤਰੀ ਹਰਸ਼ਰਨ ਕੌਰ ਨੇ ਇਸ ਮੌਕੇ ਭਾਰਤ ਵਿਚ ਚੱਲ ਰਹੇ ਕਿਸਾਨੀ ਸੰਘਰਸ਼ ਨੂੰ ਆਪਣੇ ਕਾਵਿਕ ਨਜ਼ਰੀਏ ਵਿਚ ਪੇਸ਼ ਕੀਤਾ-

**ਉਹ ਵਕਤ ਨੂੰ ਪਿੰਜਰੇ 'ਚ ਕੈਦ ਕਰਨਾ ਹੀ ਜਾਣਨ**
**ਨਾ ਜਾਣਨ ਪੰਛੀ ਉੱਚੀ ਪਰਵਾਜ ਭਰਦੇ ਨੇ!**

ਉਪਰੰਤ ਹਰਦਮ ਸਿੰਘ ਮਾਨ ਨੇ ਆਪਣੇ ਕਾਵਿਕ ਜਜ਼ਬਾਤ ਦਾ ਪ੍ਰਗਟਾਵਾ ਇਉਂ ਕੀਤਾ-

**ਧੂੜ ਹਾਂ, ਖ਼ੁਸ਼ਬੂ ਬਣਾਂ ਤੇ ਫੈਲ ਜਾਵਾਂ ਧਰਤ 'ਤੇ।**
**ਇਸ ਤਰ੍ਹਾਂ ਹੁਣ ਆਪਣੀ ਮੈਂ ਹੋਂਦ ਚਾਹਵਾਂ ਧਰਤ 'ਤੇ।**

ਸੁਰਿੰਦਰ ਸਿੰਘ ਜੱਬਲ ਨੇ ਇਸ ਮੌਕੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖਾਲਸਾ ਸਾਜਨ ਦੇ ਬਿਰਤਾਂਤ ਨੂੰ ਆਪਣੀ ਕਵਿਤਾ ਰਾਹੀਂ ਦਰਸਾ ਕੇ ਸਟੇਜੀ ਕਵਿਤਾ ਨੂੰ ਦ੍ਰਿਸ਼ਮਾਨ ਕੀਤਾ।

ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਕੈਨੇਡਾ ਵੱਲੋਂ ਕੇਸਰ ਸਿੰਘ ਨੀਰ ਨੂੰ ਸਿਰੋਪਾ ?, ਦਸਤਾਰ ਅਤੇ ਕਿਤਾਬਾਂ ਦਾ ਸੈਂਟ ਦੇ ਕੇ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਕਾਮਨਾ ਕੀਤੀ ਗਈ ਕਿ ਸ। ਨੀਰ ਇਸੇ ਤਰ੍ਹਾਂ ਤੰਦਰੁਸਤੀ ਮਾਣਦਿਆਂ ਪੰਜਾਬੀ ਸਾਹਿਤਕਾਰਾਂ ਦੀ ਸਰਪ੍ਰਸਤੀ ਅਤੇ ਮਾਰਗ ਦਰਸ਼ਨ ਕਰਦੇ ਰਹਿਣ। ਕੇਸਰ ਸਿੰਘ ਨੀਰ ਨੇ ਵੀ ਆਪਣੀਆਂ ਕੁਝ ਪੁਸਤਕਾਂ ਟਰੱਸਟ ਲਈ ਜੈਤੇਗ ਸਿੰਘ ਅਨੰਤ ਨੂੰ ਭੇਟ ਕੀਤੀਆਂ।



# ਬਦੀ 'ਤੇ ਨੇਕੀ ਦੀ ਜਿੱਤ ਦਾ ਪ੍ਰਤੀਕ ਦੁਸਹਿਰਾ

**ਦਲਵੀਰ ਸਿੰਘ ਲੁਧਿਆਣਵੀ**



ਭਾਰਤ ਦੀ ਧਰਤੀ 'ਤੇ ਰੰਗ-ਬਰੰਗੇ ਫੁੱਲਾਂ ਵਾਂਗ ਅਨੇਕਾਂ ਹੀ ਤਿਉਹਾਰ ਆਉਂਦੇ ਹਨ ਅਤੇ ਸਾਰੇ ਤਿਉਹਾਰ ਹੀ ਬੜੀ ਧੂਮਧਾਮ ਨਾਲ ਮਨਾਏ ਜਾਂਦੇ ਹਨ। ਇਹ ਲੋਕਾਂ ਨੂੰ ਆਪਸੀ ਪਿਆਰ- ਮੁਹੱਬਤ ਤੇ ਸਾਂਝੀਵਾਲਤਾ ਦਾ ਸੰਦੇਸ਼ ਹੀ ਨਹੀਂ ਦਿੰਦੇ, ਸਗੋਂ ਸਮਾਜਿਕ ਪ੍ਰਵਿਰਤੀਆਂ ਤੇ ਕੁਰੀਤੀਆਂ ਤੋਂ ਸੁਚੇਤ ਰਹਿਣ ਦਾ ਸੱਦਾ ਵੀ ਦਿੰਦੇ ਹਨ। ਇਨ੍ਹਾਂ ਕਰਕੇ ਹੀ ਵੱਖ-ਵੱਖ ਧਰਮਾਂ, ਜਾਤਾਂ, ਭਾਸ਼ਾਵਾਂ ਅਤੇ ਮਜ਼ੑਬਾਂ ਦੇ ਲੋਕ ਏਕਤਾ ਦੇ ਸੂਤਰ ਵਿੱਚ ਬੱਝੇ ਰਹਿੰਦੇ ਹਨ। ਇਸ ਤਿਉਹਾਰ ਰੂਪੀ ਗੁਲਦਸਤੇ ਵਿੱਚ ਦੁਸਹਿਰੇ ਦਾ ਤਿਉਹਾਰ ਵੀ ਇੱਕ ਨਿਵੇਕਲੀ ਥਾਂ ਰੱਖਦਾ ਹੈ। ਇਹ ਬਦੀ ਉੱਤੇ ਨੇਕੀ ਦੀ ਜਿੱਤ ਦਾ ਪ੍ਰਤੀਕ ਹੈ। 'ਦੁਸਹਿਰਾ' ਸ਼ਬਦ ਦਾ ਅਰਥ ਹੈ 'ਦਸ ਸਿਰਾਂ ਨੂੰ ਹਰਨ ਵਾਲਾ'। ਲੋਕ ਮਨੌਤ ਹੈ ਕਿ ਰਾਵਣ ਜੋ ਲੰਕਾ ਦਾ ਰਾਜਾ ਸੀ, ਦੇ ਦਸ ਸਿਰ ਸਨ ਅਤੇ ਲੰਕਾ ਵੀ ਸੋਨੇ ਦੀ ਬਣੀ ਹੋਈ ਸੀ। ਸ਼ਾਇਦ ਇਸ ਦਾ ਮਤਲਬ ਇਹ ਹੋਵੇਗਾ ਕਿ ਰਾਵਣ ਇੱਕ ਉਚ-ਸ਼ਕਤੀਮਾਨ ਰਾਜਾ ਤੇ ਮਹਾਨ ਵਿਦਵਾਨ ਸੀ, ਜੋ ਚਾਰੇ ਵੇਦਾਂ ਦਾ ਗਿਆਤਾ ਸੀ। ਉਸ ਕੋਲ 'ਕੱਲਾ ਸ਼ਕਤੀਆਂ ਦਾ ਭੰਡਾਰ ਹੀ ਨਹੀਂ ਸੀ, ਬਲਕਿ ਉਸ ਨੇ ਇਹ ਭਰਮ ਵੀ ਪਾਲ ਰੱਖਿਆ ਸੀ ਕਿ ਉਹ ਸਭ ਤੋਂ ਸ਼ਕਤੀਸ਼ਾਲੀ ਹੈ। ਉਸ ਦਾ ਪੁੱਤਰ, ਮੇਘਨਾਥ ਅਤੇ ਵੱਡਾ ਭਰਾ ਕੁੰਭਕਰਨ ਵੀ ਅਤਿ ਸ਼ਕਤੀਸ਼ਾਲੀ ਸਨ। ਜਿੱਥੇ ਸ਼ਕਤੀ ਹੋਵੇਗੀ, ਉਥੇ ਹੰਕਾਰ ਤਾਂ ਮੱਲੋਮੱਲੀ ਆ ਵੜਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਰਾਵਣ ਇੱਕ ਮਹਾਨ ਯੋਧਾ, ਸੂਰਬੀਰ, ਦੂਰ-ਅੰਦੇਸ਼ੀ ਤੇ ਵੱਡਾ ਵਿਦਵਾਨ ਹੋਇਆ ਹੈ। ਇਸ ਲਈ ਹੀ ਭਗਵਾਨ ਸ੍ਰੀ ਰਾਮ ਚੰਦਰ ਨੇ ਲਕਸ਼ਮਣ ਨੂੰ ਇਹ ਆਦੇਸ਼ ਦਿੱਤਾ ਸੀ ਕਿ ਰਾਵਣ ਮਰਨ ਕਿਨਾਰੇ ਬੈਠਾ ਹੈ ਤੇ ਜਾ ਕੇ ਇਸ ਮਹਾਨ ਵਿਦਵਾਨ ਕੋਲੋਂ ਸਿੱਖਿਆ ਪ੍ਰਾਪਤ ਕਰੋ। ਦੱਸਦੇ ਹਨ ਕਿ ਚਾਰ ਸਿਖਿਆਵਾਂ ਰਾਵਣ ਨੇ ਲਕਸ਼ਮਣ ਨੂੰ ਪ੍ਰਦਾਨ ਕੀਤੀਆਂ ਸਨ, ਜੋ ਉਸ ਦੀ ਜ਼ਿੰਦਗੀ ਦਾ ਨਿਚੋੜ ਸੀ। ਜਿਨ੍ਹਾਂ ਵਿੱਚ ਇੱਕ ਇਹ ਵੀ ਸੀ, ਜੋ ਵੀ ਕੰਮ ਕਰਨਾ ਹੈ, ਆਪਣੇ ਬਲਬੂਤੇ 'ਤੇ ਕਰਨਾ ਹੈ। ਸ੍ਰੀ ਰਾਮ ਚੰਦਰ ਨੇ ਪਿਤਾ ਦੇ ਬਚਨ ਦੀ ਪਾਲਣਾ ਕਰਦੇ ਹੋਏ ਇੱਕ ਨਵਾਂ ਇਤਿਹਾਸ ਸਿਰਜਿਆ। ਹੁਣ ਤਾਂ ਲੋਕ ਖੜੇ ਪੈਰ ਮੁੱਕਰ ਜਾਂਦੇ ਹਨ ਅਤੇ ਇਸ ਪ੍ਰਚਲਤ ਕਹਾਵਤ 'ਪ੍ਰਾਣ ਜਾਏ ਪਰ ਬਚਨ ਨਾ ਜਾਏ' ਦਾ ਰੂਪ ਹੀ ਬਦਲ ਦਿੱਤਾ ਹੈ। ਰਾਵਣ ਦੀ ਭੈਣ, ਸਰੂਪਨਖਾ ਦਾ ਲਕਸ਼ਮਣ ਦੁਆਰਾ ਨੱਕ ਵੱਢ ਦੇਣਾ, ਲੰਕਾ ਦਾ ਰਾਜਾ ਹੋਣ ਦੇ ਨਾਲ-ਨਾਲ ਇੱਕ ਸੂਰਬੀਰ ਯੋਧਾ ਅਤੇ ਉੱਚ ਕੋਟੀ ਦੇ ਵਿਦਵਾਨ ਰਾਵਣ ਲਈ ਨਮੋਸ਼ੀ ਵਾਲੀ ਗੱਲ ਸੀ। ਇਸ ਦਾ ਬਦਲਾ ਲੈਣ ਲਈ ਉਹ ਭਾਰਤ ਪਹੁੰਚਿਆ ਅਤੇ ਸੀਤਾ ਮਈਆ ਜੋ ਸ੍ਰੀ ਰਾਮ ਚੰਦਰ ਦੀ ਧਰਮ ਪਤਨੀ ਸੀ, ਨੂੰ ਆਪਣੇ ਨਾਲ ਲੈ ਗਿਆ। ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਰਾਵਣ ਨੇ ਪੂਰੇ ਆਦਰ-ਸਤਿਕਾਰ ਨਾਲ ਸੀਤਾ ਮਈਆ ਨੂੰ ਅਸ਼ੋਕ ਵਾਟਿਕਾ ਵਿੱਚ ਰੱਖਿਆ ਸੀ। ਉਸ ਨੇ ਆਪਣੀ ਭੈਣ ਦਾ ਬਦਲਾ ਲਿਆ ਸੀ ਪਰ ਰਾਵਣ ਇਹ ਨਹੀਂ ਸੀ ਜਾਣਦਾ ਕਿ ਸੀਤਾ ਮਈਆ ਇੱਕ ਲਕਸ਼ਮੀ ਦੇਵੀ ਹੈ ਅਤੇ ਸ੍ਰੀ ਰਾਮ ਚੰਦਰ ਭਗਵਾਨ ਦਾ ਸਰੂਪ ਹਨ। ਇਸ ਅਪਰਾਧ ਲਈ ਲੋਕ ਰਾਵਣ ਨੂੰ ਹਰ ਸਾਲ ਸਾੜ ਰਹੇ ਹਨ। ਅਜੋਕੇ ਸਮੇਂ ਲੋਕ ਅਨੇਕਾਂ ਜੁਰਮ ਕਰੀ ਜਾਂਦੇ ਨੇ ਅਤੇ ਪਤਾ ਵੀ ਨਹੀਂ ਲੱਗਣ ਦਿੰਦੇ ਕਿ ਇਹ ਕਾਰਾ ਕਿਸ ਨੇ ਕੀਤਾ ਹੈ? ਜੇ ਪਤਾ ਲੱਗ ਵੀ ਜਾਵੇ ਤਾਂ ਫਿਰ ਕਿਹੜਾ ਪਹਾੜ ਡਿੱਗ ਪਵੇਗਾ, ਲੈ-ਦੇ ਕੇ ਕੇਸ ਦਾ ਨਿਪਟਾਰਾ ਹੋ ਜਾਂਦਾ ਹੈ ਅਤੇ ਉਹ ਖਲਨਾਇਕ, ਇੱਕ ਨਾਇਕ ਵਜੋਂ ਉਭਰਦਾ ਹੈ। ਪਤਾ ਨਹੀਂ ਕਿੰਨੀਆਂ ਕੁ ਮਾਵਾਂ, ਧੀਆਂ-ਭੈਣਾਂ ਦੀ ਇੱਜ਼ਤ ਨਾਲ ਖਿਲਵਾੜ ਹੋ ਰਿਹਾ ਹੈ? ਕਿੰਨੇ ਕੁ ਗ਼ਰੀਬ ਲੋਕਾਂ ਨੂੰ ਆਪਣੇ ਹੱਕਾਂ ਤੋਂ ਵਾਂਝੇ ਰਹਿਣਾ ਪੈਂਦਾ ਹੈ ਅਤੇ ਕਿੰਨੇ ਕੁ ਲੋਕ ਆਪਣੀ ਉਮਰ ਭੋਗਣ ਤੋਂ ਪਹਿਲਾਂ ਹੀ ਕਿਸੇ ਖਲਨਾਇਕ ਦੀ ਗੋਲੀ ਦਾ ਸ਼ਿਕਾਰ ਹੋ ਜਾਂਦੇ ਹਨ। ਚਾਰੇ ਪਾਸੇ ਪੈਸੇ ਦਾ ਬੋਲਬਾਲਾ ਹੈ। ਉਹ ਤਾਂ ਪੈਸੇ ਦੀ ਖ਼ਾਤਰ ਕੁਝ ਵੀ ਕਰ ਸਕਦੇ ਹਨ। ਇਥੋਂ ਤਕ ਕਿ ਖਾਣ ਵਾਲੀਆਂ ਚੀਜ਼ਾਂ ਵਿੱਚ ਕੁਝ ਵੀ ਮਿਲਾ ਸਕਦੇ ਹਨ, ਜਿਵੇਂ ਅੱਜ ਹੋ ਰਿਹਾ ਹੈ। ਇਸੇ ਕਰਕੇ ਲੋਕ ਇੱਕ ਦੂਜੇ 'ਤੇ ਯਕੀਨ ਨਹੀਂ ਕਰਦੇ। ਹੁਣ ਤਾਂ ਮਨੁੱਖ, ਮਨੁੱਖ ਕੋਲੋਂ ਡਰਦਾ ਹੈ। ਸਮਾਜ ਤਾਂ ਸਮਾਜਿਕ ਬੁਰਾਈਆਂ ਵਿੱਚ ਗਰਕ ਰਿਹਾ ਹੈ। ਇਹ ਹੈ, ਆਪਣੇ ਸਮਾਜ ਦਾ ਹਾਲ। ਜੇ ਅਜ ਸ੍ਰੀ ਰਾਮ ਚੰਦਰ ਜਾਂ ਹੋਰ ਕੋਈ ਮਹਾਂਪੁਰਸ਼ ਇਸ ਧਰਤੀ 'ਤੇ ਆਵੇ ਤਾਂ ਪਤਾ ਨਹੀਂ ਉਨ੍ਹਾਂ ਨੂੰ ਕਿੰਨੀਆਂ ਕੁ ਲੜਾਈਆਂ ਲੜਨੀਆਂ ਪੈਣਗੀਆਂ ਕਿਉਂਕਿ ਅੱਜ ਇੱਕ ਰਾਵਣ ਨਹੀਂ ਸਗੋਂ ਲੱਖਾਂ ਦੀ ਤਦਾਦ ਵਿੱਚ ਰਾਵਣ ਤੁਰੇ ਫਿਰਦੇ ਨੇ, ਜੋ ਰਾਵਣ ਤੋਂ ਵੀ ਵੱਧ ਘਿਨਾਉਣੇ ਕੰਮ ਕਰਦੇ ਹਨ ਤੇ ਇਨ੍ਹਾਂ ਦੇ ਅਨੇਕਾਂ ਚਿਹਰੇ ਹਨ। ਸਾਨੂੰ ਸਾਰਿਆਂ ਨੂੰ ਦੁਸਹਿਰੇ ਤੋਂ ਸਿਖਿਆ ਲੈਣੀ ਚਾਹੀਦੀ ਹੈ ਕਿ ਆਪਣੇ ਅੰਦਰੋਂ ਦੁਸ਼ਟ-ਕਰਮਾਂ ਦੀ ਭਾਵਨਾ ਨੂੰ ਖ਼ਤਮ ਕਰਕੇ ਨੇਕ ਇਨਸਾਨ ਬਣੀਏ ਤੇ ਬਿਹਤਰ ਸਮਾਜ ਦੀ ਸਿਰਜਣਾ ਕਰੀਏ।


HOMELAND MORTGAGE CORP.

ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ

- ☑ ਪਹਿਲੀ ਵਾਰ ਘਰ ਖਰੀਦਣ ਵਾਲੇ
- ☑ ਰੈਜੀਡੈਂਸ਼ੀਅਲ ਮੌਰਟਗੇਜ
- ☑ ਕੰਸਟਰਕਸ਼ਨ ਮੌਰਟਗੇਜ
- ☑ ਪ੍ਰਾਈਵੇਟ ਮੌਰਟਗੇਜ
- ☑ ਸੈਕੰਡ ਅਤੇ ਥਰਡ ਮੌਰਟਗੇਜ

- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage

(*Conditionsapply)

Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com



KULDIP S PANESAR
Senior Mortgage Advisor
Cell: 604-308-6839






ਅਸੀਂ ਤੁਹਾਡੇ ਤੋਂ ਸੁਣਨਾ ਚਾਹੁੰਦੇ ਹਾਂ!
ਸੰਤੁਸ਼ਟੀ ਅਤੇ ਜਾਗਰੂਕਤਾ ਸਰਵੇਖਣ

17 ਅਕਤੂਬਰ ਤੱਕ ਆਪਣਾ ਸੁਝਾਅ ਦਿਓ ਅਤੇ ਸਰੀ ਲਾਇਬ੍ਰੇਰੀਆਂ ਦੇ ਭਵਿੱਖ ਨੂੰ ਸਵਾਰੋ। ਇੱਕ ਸਰਵੇਖਣ ਪੂਰਾ ਕਰਕੇ 3 ਵਿੱਚੋਂ 1 $100 ਗਿਫਟ ਕਾਰਡਾਂ ਨੂੰ ਜਿੱਤਣ ਦਾ ਮੌਕਾ ਹਾਸਿਲ ਕਰੋ।

Visit: https://bit.ly/2Zw7eUN

SURREY LIBRARIES
discover·connect·inspire

# ਕਿਤੇ ਅਸੀਂ ਬਹੁਤੇ ਲਾਡ ਨਾਲ ਬੱਚਿਆਂ ਦੇ ਗੁਲਾਮ ਤਾਂ ਨਹੀਂ ਬਣ ਰਹੇ !


**ਵੰਧਨਾ ਵਰਮਾ**

ਅਜੋਕੇ ਸਮੇਂ ਵਿਚ ਸਿੱਖਿਆ ਸੰਸਥਾਵਾਂ, ਅਧਿਆਪਕ, ਮਾਪੇ, ਪੁਲਿਸ, ਕਾਨੂੰਨ ਸਾਰੇ ਹੀ ਬੱਚਿਆਂ ਦੀਆਂ ਸ਼ਰਾਰਤਾਂ, ਭੈੜੀਆਂ ਆਦਤਾਂ, ਨਸ਼ਿਆਂ, ਐਸ਼ਪ੍ਰਸਤੀ, ਮਨਮਰਜ਼ੀਆਂ, ਕਾਨੂੰਨ ਤੇ ਨਿਯਮ ਤੋੜਨ ਦੀਆਂ ਆਦਤਾਂ ਤੇ ਅਨੁਸ਼ਾਸਨ ਦੀ ਪਾਲਣਾ ਨਾ ਕਰਨ ਆਦਿ ਦੀਆਂ ਆਦਤਾਂ ਤੋਂ ਬੇਹੱਦ ਦੁਖੀ ਹਨ। ਇਸ ਸਭ ਲਈ ਮਾਪੇ ਅਧਿਆਪਕਾਂ ਨੂੰ ਦੋਸ਼ ਦੇ ਰਹੇ ਹਨ ਅਤੇ ਅਧਿਆਪਕ ਮਾਪਿਆਂ ਨੂੰ। ਮੋਬਾਈਲ, ਟੀ. ਵੀ. ਦੀ ਲਗਾਤਾਰ ਮਾਪਿਆਂ ਨੂੰ। ਮੋਬਾਈਲ, ਟੀ. ਵੀ. ਦੀ ਲਗਾਤਾਰ ਵਰਤੋਂ ਵੀ ਬੱਚਿਆਂ ਨੂੰ ਤਬਾਹੀ ਵੱਲ ਲਿਜਾ ਰਹੀ ਹੈ। ਸਭ ਦੀ ਸਿਆਣਪ ਤੇ ਉਨਤੀ, ਅਮਨ ਸ਼ਾਂਤੀ ਤੇ ਖੁਸ਼ਹਾਲੀ ਲਈ 101 ਦਾ ਚਮਤਕਾਰ ਹੈ। ਜਿਵੇਂ ਇਕ ਭਾਵ ਈਸ਼ਵਰ। ਇਸ਼ਵਰ ਜਨਮ ਦਿੰਦਾ ਹੈ, ਕੁਦਰਤ ਜੀਵਨ ਦਿੰਦੀ ਹੈ। ਬਾਕੀ 100 ਵਿਚੋਂ 30 ਫ਼ੀਸਦੀ ਜ਼ਿੰਮੇਵਾਰੀ ਮਾਪਿਆਂ ਦੀ 20 ਫ਼ੀਸਦੀ ਸਦੀ ਸਮਾਜ ਦੀ ਤੇ 10 ਫ਼ੀਸਦੀ ਬੱਚੇ ਦੀ ਆਪਣੀ ਵੀ ਹੈ। ਬੱਚਾ ਸਕੂਲ ਅੰਦਰ 6 ਘੰਟੇ ਰਹਿੰਦਾ ਹੈ, ਘਰ 16 ਘੰਟੇ ਤੇ 2 ਘੰਟੇ ਸੜਕਾਂ ਉੱਤੇ। ਇਸ ਲਈ 6 ਘੰਟੇ ਵਿਚ ਸਕੂਲ ਵਿਚ ਪੜ੍ਹਾਈ ਹੁੰਦੀ ਹੈ, ਸਿੱਖਿਆ ਵੀ ਮਿਲਦੀ ਹੈ। ਪਰ ਘਰ ਵਿਚ 16 ਘੰਟਿਆਂ ਵਿਚੋਂ 6 ਤੋਂ 8 ਘੰਟੇ ਬੱਚਾ ਸੌਂਦਾ ਹੈ, 7 ਘੰਟਿਆਂ ਵਿਚੋਂ 6 ਘੰਟੇ ਉਹ ਮਾਪਿਆਂ ਦੀ ਹਾਜ਼ਰੀ ਵਿਚ ਮੋਬਾਈਲ, ਵੀਡੀਓ ਗੇਮ, ਜੰਕ ਫੂਡ, ਟੀ. ਵੀ., ਆਰਾਮਪ੍ਰਸਤੀ ਕਰਦਾ ਹੈ। ਇਹੀ 6 ਘੰਟੇ ਬੱਚੇ ਦੀ ਜ਼ਿੰਦਗੀ ਨੂੰ ਬਰਬਾਦ ਕਰ ਰਹੇ ਹਨ। ਇਸ ਦਾ ਮੁੱਖ ਕਾਰਨ ਇਹ ਹੈ ਕਿ ਬੱਚੇ ਨੂੰ ਘਰ ਵਿਚ ਉਹੀ ਮਿਲਦਾ, ਜੋ ਮਾਪੇ ਉਸ ਲਈ ਲਿਆਉਂਦੇ, ਵਿਖਾਉਂਦੇ ਤੇ ਪਰੋਸ ਦਿੰਦੇ ਹਨ। ਅੱਜਕੱਲ੍ਹ ਦੇ ਮਾਪੇ ਏਨੇ ਆਲਸੀ ਹੋ ਗਏ ਹਨ ਕਿ ਬੱਚੇ ਨੂੰ ਘਰ ਵਿਚ ਕੋਈ ਚੰਗੀ ਚੀਜ਼ ਬਣਾ ਕੇ ਨਹੀਂ ਖੁਆ ਸਕਦੇ। ਉਹ ਆਪਣੇ ਬੱਚਿਆਂ ਨੂੰ ਬਾਜ਼ਾਰੋਂ ਜੰਕ ਫੂਡ, ਕੋਲਡ ਡਰਿੰਕ ਖਾਣ ਲਈ ਲਿਆ ਦਿੰਦੇ ਹਨ। ਉਨ੍ਹਾਂ ਨੂੰ ਜੰਕ ਫੂਡ ਤਿਆਰ ਕਰਨ ਲਈ ਕੋਈ ਬਹੁਤੀ ਮਿਹਨਤ ਨਹੀਂ ਕਰਨੀ ਪੈਂਦੀ, ਬਸ ਫ਼ੋਨ ਕਰੋ ਤੇ ਘਰੇ ਹੀ ਮੰਗਵਾ ਲਉ ਜਾਂ ਫਿਰ ਤਿਆਰ ਹੋ ਕੇ ਹੋਟਲ ਜਾਉ ਤੇ ਖਾ ਪੀ ਕੇ ਘਰ ਆ ਜਾਉ। ਇਹ ਜੰਕ ਫੂਡ ਭੋਜਨ ਹੀ ਬੱਚਿਆਂ ਦੀ ਜ਼ਿੰਦਗੀ ਤਬਾਹੀ ਕਰ ਰਿਹਾ ਹੈ। ਸਕੂਲਾਂ ਅੰਦਰ ਬੱਚਿਆਂ ਲਈ ਮੋਬਾਈਲ ਦੀ ਵਰਤੋਂ ਉੱਤੇ ਮਨਾਹੀ, ਫਾਸਟ ਫੂਡ ਦੀ ਮਨਾਹੀ, ਨਸ਼ਿਆਂ ਦੀ ਮਨਾਹੀ, ਆਰਾਮ ਕਰਨ ਦੀ ਮਨਾਹੀ, ਅਨੁਸ਼ਾਸਨ, ਆਗਿਆਪਾਲਣ ਤੇ ਆਪਣਾ ਕੰਮ ਖੁਦ ਕਰਨਾ ਜ਼ਰੂਰ ਹੁੰਦਾ ਹੈ ਪਰ ਘਰ ਅੰਦਰਬੱਚੇ, ਮਾਪਿਆਂ ਸਾਹਮਣੇ ਮਨਮਰਜ਼ੀ ਤੇ ਆਜ਼ਾਦੀ ਦਾ ਪ੍ਰਗਟਾਵਾ ਕਰਦੇ ਹਨ। ਮਾਪੇ ਵੀ ਬੱਚਿਆਂ ਸਾਹਮਣੇ ਨਸ਼ਿਆਂ ਦੀ ਵਰਤੋਂ ਕਰਦੇ ਹਨ, ਕਾਨੂੰਨ ਵੀ ਤੋੜਦੇ ਹਨ। ਮਾਪੇ ਘਰ ਅੰਦਰ ਕੋਈ ਟਾਈਮ ਟੇਬਲ ਨਹੀਂ, ਕੋਈ ਢੰਗ ਤਰੀਕਾ, ਕਾਇਦਾ ਨਹੀਂ ਬਣਾਉਂਦੇ। ਘਰ ਅੰਦਰਮਾਪੇ ਬੱਚਿਆਂ ਦੇ ਨੌਕਰ ਹੁੰਦੇ ਹਨ ਤੇ ਬੱਚਿਆਂ ਨੂੰ ਬੈੱਡ ਉੱਤੇ ਹੀ ਸਭ ਕੁਝ ਹੋਟਲਾਂ ਵਾਂਗ ਪਰੋਸਿਆ ਜਾਂਦਾ ਹੈ। ਹੋਰ ਤਾਂ ਹੋਰ ਬੱਚੇ ਭੋਜਨ ਮਗਰੋਂ ਆਪਣੇ ਭਾਂਡੇ ਵੀ ਨਹੀਂ ਉਠਾਉਂਦੇ। ਉਹ ਫੱਲ ਖਾ ਕੇ ਛਿੱਲਰ ਟੋਕਰੀ ਵਿਚ ਨਹੀਂ ਪਾਉਂਦੇ, ਮੈਲੇ ਕਪੜੇ ਨਹੀਂ ਬਦਲਦੇ, ਸਫ਼ਾਈ ਵਲ ਬਿਲਕੁਲ ਧਿਆਨ ਨਹੀਂ ਦਿੰਦੇ, ਪਾਣੀ, ਬਿਜਲੀ, ਗੈਸ ਦੀ ਖੁੱਲ੍ਹੀ ਵਰਤੋਂ ਕਰਦੇ ਹਨ। ਕਈ ਬੱਚੇ ਤਾਂ ਮਾਪਿਆਂ ਨਾਲ ਲੜਦੇ ਹਨ, ਮਾਪਿਆਂ ਲਈ ਭੱਦੀ ਸ਼ਬਦਾਵਲੀ ਵਰਤਦੇ ਹਨ। ਪਰ ਮਾਪੇ ਨੌਕਰਾਂ ਵਾਂਗ ਹੱਥ ਜੋੜ ਕੇ ਸੁਣਦੇ ਤੇ ਸਹਿੰਦੇ ਰਹਿੰਦੇ ਹਨ। ਕਈ ਮਾਪੇ ਬੱਚਿਆਂ ਸਾਹਮਣੇ ਹੀ ਇਤਰਾਜ਼ਯੋਗ ਗੱਲਾਂ ਕਰਦੇ ਤੇ ਆਪਸ ਵਿਚ ਲੜਦੇ ਨੇ ਜਿਸ ਨੂੰ ਵੇਖ ਕੇ ਛੋਟੇ ਬੱਚੇ ਸਿਖਦੇ ਹਨ। ਬੱਚਿਆਂ ਨੂੰ ਗੰਦੀਆਂ ਗੱਲਾਂ ਤੇ ਗਾਲਾਂ ਦੀ ਸਿੱਖਿਆ ਘਰੋਂ ਹੀ ਪ੍ਰਾਪਤ ਹੁੰਦੀ ਹੈ। ਬੱਚਿਆਂ ਨੂੰ ਵਿਗਾੜਨ ਵਿਚ ਮਾਪਿਆਂ ਦਾ ਰੋਲ 80 ਫ਼ੀਸਦੀ ਹੈ। ਜੋ ਕਾਰਜ ਸਰਕਾਰ, ਕਾਨੂੰਨ, ਸਕੂਲ, ਸਮਾਜ ਕਰਨ ਦੀ ਆਗਿਆ ਨਹੀਂ ਦਿੰਦਾ ਉਹ ਸਭ ਬੱਚੇ ਘਰ ਅੰਦਰ ਵੇਖਦੇ, ਵਰਤਦੇ ਤੇ ਕਰਦੇ ਹਨ। ਲਗਭਗ ਸਾਰੇ ਹੀ ਬੱਚੇ ਦਸਦੇ ਹਨ ਸਭ ਗਲਤ ਕੰਮ ਉਨ੍ਹਾਂ ਨੇ ਘਰੋਂ ਸਿੱਖੇ। ਇਕ ਸਕੂਲ ਵਿਚ 10 ਸਾਲਾ ਲੜਕਾ ਸ਼ਰਾਬ ਪੀ ਕੇ ਆਇਆ। ਪ੍ਰਿੰਸੀਪਲ ਦੇ ਕਹਿਣ ਤੇ ਅਸੀਂ ਗਏ ਤਾਂ ਲੜਕਾ ਕਹਿੰਦਾ ਕਿ "ਉਸ ਦੇ ਪਾਪਾ ਹਰ ਰੋਜ਼ ਪੀਂਦੇ ਹਨ। ਮਾਂ ਜਦੋਂ ਉਨ੍ਹਾਂ ਨੂੰ ਰੋਕਦੀ ਹੈ ਤਾਂ ਪਾਪਾ ਜੀ ਕਹਿੰਦੇ ਨੇ ਕਿ ਥੋੜ੍ਹੀ ਜਹੀ ਸ਼ਰਾਬ ਥਕਾਵਟ ਦੂਰ ਕਰਦੀ ਹੈ, ਇਸ ਨਾਲ ਹਾਜ਼ਮਾ ਠੀਕ ਹੋ ਜਾਂਦਾ ਹੈ, ਨੀਂਦ ਚੰਗੀ ਆਉਂਦੀ ਹੈ, ਸਰੀਰ ਦਿਮਾਗ ਤੇਜ਼ ਚਲਦਾ ਹੈ।" ਉਸਨੇ ਅੱਗੇ ਦੱਸਿਆ ਕਿ 'ਜਦੋਂ ਮੈਨੂੰ ਥੋੜ੍ਹੀ ਥਕਾਵਟ ਹੋਈ, ਜਦੋਂ ਕਦੇ ਕਮਜ਼ੋਰੀ ਮਹਿਸੂਸ ਹੋਈ ਜਾਂ ਮੇਰਾ ਹਾਜ਼ਮਾ ਖਰਾਬ ਹੋਇਆ ਤਾਂ ਮੈਂ ਮੰਮੀ-ਪਾਪਾ ਤੋਂ ਚੋਰੀ ਬੋਤਲ ਵਿਚੋਂ ਥੋੜ੍ਹੀ ਜਹੀ ਸ਼ਰਾਬ ਕੱਢ ਕੇ ਉਨਾ ਹੀ ਪਾਣੀ ਬੋਤਲ ਵਿਚ ਪਾ ਦਿੰਦਾ ਹਾਂ।" ਅੱਜਕੱਲ੍ਹ ਦਾ ਮੀਡੀਆ ਵੀ ਬੱਚਿਆਂ ਦੇ ਪੱਖ ਦੀ ਗੱਲ ਕਰਕੇ, ਬੱਚਿਆਂ ਤੇ ਦੇਸ਼ ਦਾ ਭਵਿੱਖ ਬਣਾਉਣ ਵਾਲੇ ਅਧਿਆਪਕਾਂ ਨੂੰ ਹੀ ਕਸੂਰਵਾਰ ਦਸ ਰਿਹਾ ਹੈ, ਜਦਕਿ ਪੁਰਾਣੇ ਸਮਿਆਂ ਵਿਚ ਮਾਪੇ ਅਕਸਰ ਬੱਚਿਆਂ ਨੂੰ ਡਰਾਉਣ ਲਈ ਕਹਿ ਦਿੰਦੇ ਕਿ ਤੇਰੇ ਅਧਿਆਪਕ ਨੂੰ ਦਸਾਂਗੇ ਤੇ ਅਧਿਆਪਕ ਦੇ ਸਜ਼ਾ ਦੇਣ ਉੱਤੇ ਮਾਪੇ ਉਸ ਦਾ ਸਮਰਥਨ ਕਰਦੇ ਸਨ। ਇਸ ਨਾਲ ਬੱਚਿਆਂ ਦੇ ਦਿਲ, ਦਿਮਾਗ, ਅੰਦਰ ਅਧਿਆਪਕ ਪ੍ਰਤੀ ਡਰ ਕਾਇਮ ਰਹਿੰਦਾ ਸੀ। ਪਰ ਇਸ ਸਮੇਂ ਬੱਚੇ ਥਾਣੇਦਾਰ ਬਣ ਰਹੇ ਹਨ ਤੇ ਮਾਪੇ ਅਧਿਆਪਕ ਤੇ ਹੋਰ ਸਾਰੇ ਉਸ ਦੇ ਸੇਵਾਦਾਰ। ਬੱਚਿਆਂ ਨੂੰ ਪੈਸਾ ਕਮਾਉਣਾ ਨਹੀਂ, ਇੱਜ਼ਤ ਕਮਾਉਣਾ, ਸੇਵਾ ਕਰਨਾ, ਖੁਸ਼ੀਆਂ ਵੰਡਣਾ, ਹਮਦਰਦੀ ਵਿਖਾਉਣਾ, ਵਾਤਾਵਰਣ ਤੇ ਬਜ਼ੁਰਗਾਂ ਦਾ ਸਤਿਕਾਰ ਕਰਨਾ ਸਿਖਾਇਆ ਜਾਵੇ ਤੇ ਇਸ ਦੀ ਮਹੱਤਤਾ ਦੱਸੀ ਜਾਵੇ। ਬੱਚਿਆਂ ਨੂੰ ਕੱਟੜ ਧਾਰਮਿਕ ਵਿਅਕਤੀ ਨਹੀਂ, ਕਰਮਯੋਗੀ ਬਣਾਇਆ ਜਾਵੇ। ਇਸ ਸਮੇਂ ਜ਼ਰੂਰਤ ਹੈ ਕਿ ਸਰਕਾਰ, ਮਾਪੇ ਤੇ ਅਧਿਆਪਕ ਬੱਚਿਆਂ ਨੂੰ ਠੀਕ ਦਿਸ਼ਾ ਵਿਖਾਉਣ ਲਈ ਵਿਦਵਾਨ ਲੋਕਾਂ ਦੀ ਰਾਏ ਲੈਣ ਤੇ ਘਰ ਅੰਦਰ ਇਕ ਪੱਕੀ ਸਮਾਂ ਸਾਰਨੀ ਬਣਾਉਣ। ਸਕੂਲ ਲਈ ਤਿਆਰ ਹੋਣ ਲਈ ਬੱਚਾ ਖੁਦ ਯਤਨ ਕਰੇ, ਰਾਤ ਨੂੰ ਹੀ ਵਰਦੀ ਤਿਆਰ ਕਰ ਕੇ ਰੱਖੇ। ਜੇਕਰ ਬੱਚਾ ਵਹੀਕਲ ਰਾਹੀਂ ਸਕੂਲ ਜਾਂਦਾ ਹੈ ਤਾਂ ਉਹ ਆਪਣਾ ਬਸਤਾ ਬੋਤਲ ਖੁਦ ਚੁੱਕੇ, ਖੁਦ ਵਹੀਕਲ ਵਿਚ ਚੜ੍ਹੇ-ਉਤਰੇ। ਵਾਪਸ ਆ ਕੇ ਖੁਦ ਕਪੜੇ ਬਦਲੇ, ਵਰਦੀ ਠੀਕ ਥਾਂ ਰੱਖੇ, ਹੱਥ ਪੈਰ ਸਾਫ਼ ਕਰੇ, ਆਰਾਮ ਤੇ ਸ਼ਾਂਤੀ ਨਾਲ ਖੁਦ ਲੈ ਕੇ ਭੋਜਨ ਖਾਵੇ, ਭਾਂਡੇ ਆਪ ਚੁੱਕੇ, ਭੋਜਨ ਲਈ ਮੀਨੂੰ ਬਣਾਇਆ ਜਾਵੇ ਤੇ ਇਸ ਵਿਚ ਜੰਕ ਫੂਡ, ਕੋਲਡ ਡਰਿੰਕ, ਮੈਦਾ ਪੱਕੇ ਤੌਰ 'ਤੇ ਬੰਦ ਕੀਤੇ ਜਾਣ। ਬਾਜ਼ਾਰ ਦਾ ਭੋਜਨ ਬੰਦ ਕੀਤਾ ਜਾਵੇ। ਸਵੇਰੇ ਜਾਂ ਸ਼ਾਮ ਨੂੰ 40 ਮਿੰਟ ਸੈਰ ਜ਼ਰੂਰ ਰਕਨੀ ਹੈ। ਵਿਖਾਵੇ ਤੇ ਮਨੋਰੰਜਨ ਉੱਤੇ ਪੈਸੇ ਦੀ ਬਰਬਾਦੀ ਨਹੀਂ ਕਰਨੀ ਚਾਹੀਦੀ। ਘਰ ਅੰਦਰ ਧਾਰਮਿਕ ਰਹੋ ਪਰ ਘਰੋਂ ਭਾਰਤੀ ਜ਼ਿੰਮੇਵਾਰ ਨਾਗਰਿਕ ਬਣ ਕੇ ਕਾਰਜ ਕਰੋ। ਬੱਚਿਆਂ ਨੂੰ ਸਿਖਾਓ ਕਿ ਵਾਤਾਵਰਣ, ਪਾਣੀ, ਬਿਜਲੀ, ਤੇਲ, ਪਟਰੋਲ ਦੀ ਦੁਰਵਰਤੋਂ ਨਾ ਕਰੋ ਅਤੇ ਟ੍ਰੈਫਿਕ, ਸਿਹਤ ਤੇ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਹਮੇਸ਼ਾ ਖੁਸ਼ ਤੇ ਸੰਤੁਸ਼ਟ ਰਹਿਣਾ ਚਾਹੀਦਾ ਹੈ। ਕਿਸੇ ਦਾ ਬੁਰਾ ਨਹੀਂ ਸੋਚਣਾ ਚਾਹੀਦਾ। ਸਭ ਦਾ ਭਲਾ ਕਰਨ ਦੇ ਯਤਨ ਕਰਨੇ ਚਾਹੀਦੇ ਹਨ। ਬੇਈਮਾਨੀ, ਹੇਰਾਫੇਰੀ, ਲਾਲਚ, ਗਲਤ ਕੰਮਾਂ ਤੋਂ ਬਚਣਾ ਚਾਹੀਦਾ ਹੈ। ਮਾਪਿਆਂ ਦੇ ਬਦਲਣ ਨਾਲ ਹੀ ਬੱਚਿਆਂ ਵਿਚ ਸੁਧਾਰ ਆਵੇਗਾ। ਵਰਨਾ 10-12 ਸਾਲਾਂ ਵਿਚ ਪੰਜਾਬ ਅੰਦਰ ਜੁਰਮ, ਨਸ਼ੇ ਹੀ ਹੋਣਗੇ। ਇਸ ਤੋਂ ਬਾਅਦ ਫਿਰ ਪਛਤਾਉਮਾ ਹੀ ਪਵੇਗਾ ਰੋਣਾ ਹੀ ਪਵੇਗਾ, ਅੱਜਸਮਾਂ ਹੱਥੋਂ ਨਿਕਲ ਰਿਹਾ ਹੈ।








ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ




*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

### ਸਿਪਾਹੀਆਂ ਦਾ ਠੰਡੇ ਬੁਰਜ ਤੇ ਆਉਣਾ

564 ਸਿਪਾਹੀ ਚਾਰ ਸੀ ਬੁਰਜ ਤੇ ਚੜ੍ਹ ਆਏ, ਆ ਮਾਤਾ ਨੂੰ ਖਬਰਦਾਰ ਕੀਤਾ।
ਅੱਖਾਂ ਅੱਡੀਆਂ ਚਾਰਾਂ ਦੀਆਂ ਰਹਿ ਗਈਆਂ, ਆ ਲਾਲਾਂ ਦਾ ਜਦ ਦੀਦਾਰ ਕੀਤਾ।
'ਯਾਹ ਅੱਲਾ ਬਚਾਈਂ ਪਾਪੀਆਂ ਤੋਂ' ਰੱਬੀ ਨੂਰ ਨੂੰ ਰੱਜ ਪਿਆਰ ਕੀਤਾ।
ਮਾਤਾ ਲੈ ਕੇ ਜਾਣਾ ਬਾਲਕਾਂ ਨੂੰ, ਹੁਕਮ ਸਾਨੂੰ ਸਾਡੀ ਸਰਕਾਰ ਕੀਤਾ॥

### ਮਾਤਾ ਜੀ

565 ਮਾਤਾ ਆਖਦੀ ਬੱਚਿਆਂ ਵਾਲਿਓ ਵੇ, ਕਿੱਥੇ ਇਨ੍ਹਾਂ ਨੂੰ ਤੁਸੀਂ ਲਜਾਵਣਾ ਏ।
ਇੱਕ ਨੌਂ ਤੇ ਦੂਜਾ ਸੱਤ ਸਾਲ ਦਾ ਏ, ਕੀ ਇਨ੍ਹਾਂ ਤੋਂ ਤੁਸੀਂ ਮਨਾਵਣਾ ਏ।
ਬੇ-ਸੂਝ, ਮਾਸੂਮ ਤੇ ਬਾਲ ਨਿੱਕੇ, ਕੀ ਇਨ੍ਹਾਂ 'ਚੋਂ ਕੱਢਣਾ-ਪਾਵਣਾ ਏ।
ਮੈਂ ਚੱਲਦੀ ਆਂ ਥੋਡੇ ਨਾਲ ਬੇਟਾ, ਇਨ੍ਹਾਂ ਉਤੇ ਕੀ ਕੇਸ ਚਲਾਵਣਾ ਏ॥

### ਸਿਪਾਹੀ

566 ਮਾਤਾ ਮੇਰੀਏ ਅਸੀਂ ਗੁਲਾਮ ਬੰਦੇ, ਮਾਲਕ ਕਹੇ ਜੋ ਉਹੋ ਹੀ ਕਰਨੇ ਆਂ।
ਹੱਡ-ਮਾਸ ਦੇ ਅਸੀਂ ਵੀ ਆਮ ਬੰਦੇ, ਅੱਲਾ ਤਾਲਾ ਤੋਂ ਬੜੇ ਹੀ ਡਰਨੇ ਆਂ।
ਸਦਾ ਮਾਲਕ ਦਾ ਨਮਕ ਹਲਾਲ ਕਰੀਏ, ਰੋਟੀ-ਰੋਜ਼ੀ ਲਈ ਲੜਨੇ-ਮਰਨੇ ਆਂ।
ਸਿਰ ਆਪਣਾ ਅਸੀਂ ਹਰਚੰਦ ਸਿੰਘਾ, ਸਦਾ ਸਰਕਾਰ ਦੇ ਪੈਰੀਂ ਧਰਨੇ ਆਂ॥

### ਮਾਤਾ ਜੀ

567 ਦਾਦੀ ਮਾਂ ਨੇ ਪੋਤਰੇ ਕੋਲ ਸੱਦੇ, ਕਹਿਣ ਨਾਲ ਸਿਪਾਹੀਆਂ ਦੇ ਜਾਓ ਬੇਟਾ।
ਛੋਟੀ ਉਮਰੇ ਮਾਮਲੇ ਆਣ ਪਏ, ਸਿੱਖੀ ਸਿਦਕ ਦੇ ਨਾਲ ਨਿਭਾਓ ਬੇਟਾ।
ਜ਼ੋਰਾਵਰਾ ਜ਼ੋਰ ਦਿਖਾਈਂ ਆਪਣਾ, ਫ਼ਤਹਿ ਸਿੰਘ ਫ਼ਤਹਿ ਪਾਓ ਬੇਟਾ।
ਕਚਹਿਰੀ ਜਾ ਕੇ ਭੋਰਾ ਵੀ ਝਿਜਕਣਾ ਨਹੀਂ, ਜਾ ਕੇ ਗੁਰੂ ਫ਼ਤਹਿ ਬੁਲਾਓ ਬੇਟਾ॥

568 ਤੁਸੀਂ 'ਕੱਲੇ ਨਹੀਂ ਦਾਦਾ ਜੀ ਨਾਲ ਥੋਡੇ, ਸਭ ਕੁੱਝ ਉਨ੍ਹਾਂ ਨੇ ਥੋਨੂੰ ਸਿਖਾ ਦੇਣਾ।
ਥੋਡੀ ਮਾਤਾ ਜੀਤੋ ਜੀ ਨਾਲ ਥੋਡੇ, ਉਸਦੇ ਦੁੱਧ ਨੂੰ ਨਹੀਂ ਭੁਲਾ ਦੇਣਾ।
ਲਾਲਚ, ਘੁਰਕੀਆਂ, ਦੇਣਗੇ ਕਸ਼ਟ ਵਾਹਲੇ, ਐਵੇਂ ਚਿੱਤ ਨਾ ਤੁਸੀਂ ਡੁਲਾ ਦੇਣਾ।
ਮਹਿਲ ਸਿੱਖੀ ਦਾ ਸਿੱਖਾਂ ਬਣਾਵਣਾ ਏ, ਲੋੜ ਪਏ ਤੇ ਸਿਰਾਂ ਨੂੰ ਲਾ ਦੇਣਾ॥

569 ਦੋਵੇਂ ਬਾਹਾਂ 'ਚ ਦੋਹਾਂ ਨੂੰ ਘੁੱਟ ਮਾਤਾ, ਜਾਂਦੀ ਵਾਰ ਦਾ ਦੇਣ ਪਿਆਰ ਲੱਗੀ।
ਹੁਣੇ ਜਾ ਕੇ ਹੁਣੇ ਮੈਂ ਮੁੜ ਆਉਣਾ, ਵਿਚ ਦਿਲ ਦੇ ਕਰਨ ਵਿਚਾਰ ਲੱਗੀ।
ਮੱਥਾ ਟੇਕ ਕੇ ਦਾਦੀ ਨੂੰ ਤੁਰ ਚੱਲੇ, ਜੋੜੀ ਹੋਣ ਅੱਖਾਂ ਤੋਂ ਪਾਰ ਲੱਗੀ।
ਹਰਚੰਦ ਸਿੰਘਾ ਵੇਖਦੀ ਜਾਂਦਿਆਂ ਨੂੰ, ਦਿਲ ਦੁੱਖਾਂ ਦੀ ਤਿੱਖੀ ਆਰ ਲੱਗੀ॥

### ਕਵੀਓ ਵਾਚ

570 ਉਤਰ ਪੌੜੀਆਂ ਵੱਲ ਕਚਹਿਰੀਆਂ ਦੇ, ਜੋੜਾ ਹੰਸਾਂ ਦਾ ਤੁਰਿਆ ਜਾਂਵਦਾ ਏ।
ਵੱਡਾ ਵੀਰ ਜੋਰਾਵਰ ਸਿੰਘ ਅੱਗੇ, ਨਾਲ ਫ਼ਤਹਿ ਸਿੰਘ ਵੀ ਆਂਵਦਾ ਏ।
ਪਿੱਛੇ ਉਨ੍ਹਾਂ ਦੇ ਤੁਰੀਆਂ ਆਉਣ ਪੈੜਾਂ, ਹਰ ਬੂਟਾ ਸੀਸ ਝੁਕਾਂਵਦਾ ਏ।
ਹਰਚੰਦ ਸਿੰਘਾ ਹੋ ਕੇ ਉਹ ਰਹਿੰਦਾ, ਅਕਾਲ ਪੁਰਖ ਨੂੰ ਜੋ ਵੀ ਭਾਂਵਦਾ ਏ॥

### ਕਚਹਿਰੀ ਵਿਚ ਆਉਣਾ

571 ਵੱਡੇ ਬੂਹੇ ਦੀ ਛੋਟੀ ਖੋਲ੍ਹ ਤਾਕੀ, ਸਾਹਿਬਜ਼ਾਦਿਆਂ ਅੰਦਰ ਲੰਘਾਇਆ ਏ।
ਪਹਿਲਾਂ ਉਨ੍ਹਾਂ ਨੇ ਅੰਦਰ ਪੈਰ ਰੱਖੇ, ਸੀਸ ਮੂਲ ਨਾ ਉਨ੍ਹਾਂ ਨਿਵਾਇਆ ਏ।
ਗੁਰੂ ਫ਼ਤਹਿ ਦਾ ਨਾਅਰਾ ਬੁਲੰਦ ਕੀਤਾ, ਦਾਦੀ ਮਾਂ ਨੇ ਜੋ ਸਿਖਾਇਆ ਏ।
ਸੁੱਚਾ ਨੰਦ ਨੂੰ ਸੁਣਕੇ ਅੱਗ ਲੱਗੀ, ਆਪਣੀ ਸੀਟ ਤੋਂ ਭੱਜ ਕੇ ਆਇਆ ਏ॥

### ਸੁੱਚਾ ਨੰਦ (ਵਜ਼ੀਰ ਖ਼ਾਂ ਦਾ ਅਹਿਲਕਾਰ)

572 ਮੂਰਖ ਬੱਚਿਓ ਥੋਨੂੰ ਗਿਆਨ ਨਾਹੀਂ, ਆ ਕੇ ਉਨ੍ਹਾਂ ਨੂੰ ਦਬਕੇ ਮਾਰਦਾ ਏ।
ਇੱਥੇ ਰਾਜ ਤੁਹਾਡੇ ਬਾਪ ਦਾ ਨਹੀਂ, ਇਹ ਦਰਬਾਰ ਮੁਗਲ ਸਰਕਾਰ ਦਾ ਏ।
ਵੇਖੋ ਵਜ਼ੀਰ ਖਾਂ ਸੂਬਾ ਸਰਹਿੰਦ ਬੈਠੇ, ਇੱਥੇ ਹਰ ਕੋਈ ਇਸਲਾਮ ਉਚਾਰਦਾ ਏ।
ਹਰਚੰਦ ਸਿੰਘਾ ਕੁਤਾਹੀ ਜੋ ਕਰਦਾ, ਇਹ ਧੌਣ ਤੋਂ ਸੀਸ ਉਤਾਰਦਾ ਏ॥

### (ਬਾਬਾ) ਜੋਰਾਵਰ ਸਿੰਘ ਜੀ

573 ਬਾਲ ਜੋਰਾਵਰ ਸਿੰਘ ਜੀ ਕਹਿਣ ਲੱਗੇ, ਹਿੰਦੂ ਹੋ ਕੇ ਤੂੰ ਹਿੰਦ ਦਾ ਹੋਇਆ ਨਾ।
ਭਾਰਤ ਮਾਂ ਨੂੰ ਗ਼ੈਰਾਂ ਦੇ ਹੱਥ ਦੇ ਕੇ, ਨਾਲ ਸ਼ਰਮ ਦੇ ਪਾਪੀਆਂ ਮੋਇਆ ਨਾ।
ਦੇਸ਼ ਛੱਡ ਬਦੇਸ਼ ਦੀ ਜੂਠ ਖਾਏਂ, ਦਿਲੋਂ ਦਾਗ਼ ਗੁਲਾਮੀ ਦਾ ਧੋਇਆ ਨਾ।
ਸੁੱਚਾ ਨੰਦ ਨੂੰ ਦੱਸ ਹਰਚੰਦ ਸਿੰਘਾ, ਅਸੀਂ ਬੂਹਾ ਅਣਖ ਦਾ ਢੋਇਆ ਨਾ॥

574 ਸੂਰਜ, ਧਰਤੀ ਅੱਗ ਤੇ ਪੌਣ ਪਾਣੀ, ਜਿਸ ਸਿਰਜਿਆ ਕੁੱਲ ਸੰਸਾਰ ਮੀਆਂ।
ਅਸੀਂ ਉਸਨੂੰ ਸੀਸ ਨਿਭਾਂਵਦੇ ਹਾਂ, ਇਸ ਗੱਲ ਦੀ ਤੈਨੂੰ ਨਹੀਂ ਸਾਰ ਮੀਆਂ।
ਤੇਰੇ ਵਾਂਙ ਨਹੀਂ ਵਿਕਦੇ ਟੁੱਕੜਾਂ ਤੇ, ਅਸੀਂ ਜੀਂਵਦੇ ਮੌਤ ਨੂੰ ਮਾਰ ਮੀਆਂ।
ਬਹਿਜਾ ਸੀਟ ਤੇ ਜਾ ਕੇ ਜੂਠਿਆ ਉਏ, ਤੇਰਾ ਜੀਣਾ ਜੱਗ ਦਰਕਾਰ ਮੀਆਂ॥

575 ਅਸੀਂ ਬੇਟੇ ਗੁਰੂ ਗੋਬਿੰਦ ਸਿੰਘ ਦੇ, ਸਾਡੇ ਦਾਦੇ ਸ਼ਹੀਦੀਆਂ ਪਾਈਆਂ ਨੇ।
ਜਨੇਊ-ਤਿਲਕ ਲਹਿਣ ਨਾ ਹਿੰਦੂਆਂ ਦੇ, ਜਾਨਾਂ ਧਰਮ ਬਚਾਉਣ ਤੇ ਲਾਈਆਂ ਨੇ।
ਸਿੰਘ ਲੜਕੇ ਮੁੱਕ ਮੈਦਾਨ ਗਏ, ਪਿੱਠਾਂ ਦੇਸ ਨੂੰ ਨਹੀਂ ਦਿਖਾਈਆਂ ਨੇ।
ਹਰਚੰਦ ਸਿੰਘਾ ਮੌਤ ਤੋਂ ਕੌਣ ਬਚਿਆ, ਗੋਰ ਪੈਣਾ ਅੰਤ ਕਸਾਈਆਂ ਨੇ॥

576 ਸਹੁੰ ਖਾ ਕੁਰਾਨ ਦੀ ਤੋੜ ਦੇਵੇ, ਅਸੀਂ ਉਸਨੂੰ ਨਹੀਂ ਸਲਾਮ ਕਰਦੇ।
ਸਲਾਮਾਂ ਹੋਣ ਖੁਦਾ ਦੇ ਬੰਦਿਆਂ ਨੂੰ, ਗੁਲਾਮਾਂ ਨਾਲ ਨਹੀਂ ਅਸੀਂ ਕਲਾਮ ਕਰਦੇ।
ਮੁੱਕ ਜਾਣੇਆਂ ਕਹਿ ਕੇ ਫਿਰਦੇ ਨਹੀਂ, ਧਰਮ ਆਪਣਾ ਨਹੀਂ ਬਦਨਾਮ ਕਰਦੇ।
ਥੋਹੜੀ ਭਾਵੇਂ ਜ਼ਿੰਦਗੀ ਭੋਗ ਲਈਏ, ਤੇਰੇ ਵਾਂਙ ਨਹੀਂ ਗ਼ੈਰ ਦੇ ਨਾਮ ਕਰਦੇ॥

### ਕਵੀਓ ਵਾਚ

577 ਸੁਣ ਸੱਚੀਆਂ ਗੁਰੂ ਦੇ ਲਾਲ ਕੋਲੋਂ, ਸੁੱਚਾ ਨੰਦ ਸੀ ਸੀਟ ਤੇ ਆ ਬੈਠਾ।
ਗਿਆ ਹੁੱਬ ਕੇ ਟੌਰ ਬਣਾਵਣੇ ਨੂੰ, ਵਿੱਚ ਸਭਾ ਦੇ ਕੰਡ ਲੁਹਾ ਬੈਠਾ।
ਫਿਟਕਾਰਾਂ ਉਸਨੂੰ ਉਸਦੀ ਰੂਹ ਪਾਵੇ, ਸੋਚੀਂ ਪੈ ਗਿਆ ਮੂੰਹ ਲਮਕਾ ਬੈਠਾ।
ਹਰਚੰਦ ਸਿੰਘਾ ਘੋਲਦਾ ਜ਼ਹਿਰ ਪਾਪੀ, ਸੱਪ ਜਿਵੇਂ ਸਿਰੀ ਭਨਾ ਬੈਠਾ॥

578 ਵਿੱਚ ਕਟਹਿਰੇ ਦੇ ਲਿਆਂਦੇ ਸਾਹਿਬਜ਼ਾਦੇ ਆ ਕੇ ਖੜ੍ਹ ਗਏ ਨਾਲ ਆਰਾਮ ਦੇ ਨੇ।
ਚਿਹਰੇ ਦੱਗਦੇ ਵਾਂਙ ਮਤਾਬੀਆਂ ਦੇ, ਲੋਕੀ ਨਜ਼ਰ ਨਾ ਪਲ ਹਟਾਂਵਦੇ ਨੇ।
ਸ਼ਾਲਾ! ਸਾਡੇ ਵੀ ਹੋਏ ਔਲਾਦ ਐਸੀ, ਇਕ ਦੂਏ ਨੂੰ ਆਖ ਸੁਣਾਂਵਦੇ ਨੇ।
ਚਾਨਣ ਹੋ ਜੇ ਉਧਰ ਹਰਚੰਦ ਸਿੰਘਾ, ਜਿਸ ਪਾਸੇ ਉਹ ਨਜ਼ਰ ਘੁਮਾਂਵਦੇ ਨੇ॥

579 ਵਜ਼ੀਰ ਖ਼ਾਂ ਨੂੰ ਵੈਰ-ਵਿਰੋਧ ਭੁੱਲੇ, ਤੱਕੀਂ ਜਾਂਵਦਾ ਹੋ ਨਿਹਾਲ ਮੀਆਂ।
ਫੁਲਝੜੀ ਵਾਂਙ ਹੈ ਨੂਰ ਝੜਦਾ, ਐਸੀ ਵੇਖੀ ਨਾ ਕਿਤੇ ਕਮਾਲ ਮੀਆਂ।
ਜੀ ਕਰੇ ਉਠ ਕੇ ਗੋਦ ਲੈ ਲਾਂ, ਪੀਆਂ ਰੱਜ ਕੇ ਰੱਬੀ ਜਲਾਲ ਮੀਆਂ।
ਉਸਦੇ ਚਿਹਰੇ ਤੋਂ ਉਲਝਣਾਂ ਮੁੱਕ ਗਈਆਂ, ਬਸ ਇੱਕੋ ਤੱਕਣੀ ਨਾਲ ਮੀਆਂ॥

580 ਸੁੱਚਾ ਨੰਦ ਨੇ ਕਾਜ਼ੀ ਨੂੰ ਅੱਖ ਮਾਰੀ, ਦੋਵੇਂ ਕੋਲ ਨਵਾਬ ਦੇ ਆਂਵਦੇ ਨੇ।
ਕੋਡੇ ਹੋ ਕੇ ਮੱਥੇ ਨੂੰ ਹੱਥ ਲਾਉਂਦੇ, ਵਜ਼ੀਰ ਖ਼ਾਂ ਨੂੰ ਦੁਆ ਫਰਮਾਂਵਦੇ ਨੇ।
ਕੰਨ ਕੋਲੇ ਹੌਲੀ ਨੇ ਗੱਲ ਕਰਦੇ, ਹੱਥ ਲਾਲਾਂ ਦੇ ਵੱਲ ਵਧਾਂਵਦੇ ਨੇ।
ਹਰਚੰਦ ਸਿੰਘਾ ਇਸਲਾਮ ਦੇ ਬਣ ਰਾਖੇ, ਜ਼ਹਿਰ ਮਜਹਬ ਦਾ ਕੰਨੀਂ ਪਾਂਵਦੇ ਨੇ॥

*(ਬਾਕੀ ਅਗਲੇ ਅੰਕ ਵਿਚ)*

48 YEARS OF EXCELLENCE
1973 THE LINK GROUP 2020
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Lalit (Nitu)
604-339-1599


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611


Shirin Mitha
604-614-9165

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


ਸਪੈਸ਼ਲ ਸੇਲ !
www.dream-carpets.com
dream
carpets
Shaw FLOORS
Ansonylon
STAINMASTER CARPET
ClearTouch
from $1.98 SF
Berber
Installed
Textured Saxony
Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From
.78 cent
Berber
Starts From
.78 cent
Area Rug (5x8)
Starts From
$68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ** **ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਕੈਨੇਡੀਅਨ ਪੀ.ਆਰ ਜੱਟ ਸਿੱਖ ਲੜਕਾ, 25, 6'1", ਗੁਰਸਿੱਖ, ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ., ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਲੜਕੀ ਪੜੀ ਲਿਖੀ, ਲੰਬੀ ਅਤੇ ਗੁਰਸਿੱਖ ਹੋਣੀ ਚਾਹਿਦੀ ਹੈ। ਸੰਪਰਕ-778-917-3193 ਜਾਂ ਈਮੇਲ: jsingh0816@gmail.com

sep18

ਕੈਨੇਡੀਅਨ ਪੀ.ਆਰ ਜੱਟ ਸਿੱਖ ਲੜਕਾ, 1988, 5'8", MBA, ਲਈ ਬਰਾਬਰ ਯੋਗਤਾ ਲੜਕੀ ਦੀ ਲੋੜ ਹੈ। ਸੰਪਰਕ-9915213697 (ਇੰਡੀਆ ਵੈਟਸੈਪ)

ਜੱਟ ਸਿੱਖ, ਉਮਰ 26 ਸਾਲ, ਕੱਦ 5 ਫੁੱਟ 11 ਇੰਚ, ਬੀ ਏ, ਐਲ ਐਲ ਬੀ, ਆਇਲੈਟਸ ਚੋ 7 ਬੈਂਡ, ਜ਼ਮੀਨ-ਜਾਇਦਾਦ ਵਾਲੇ ਇੰਡੀਆ ਰਹਿੰਦੇ ਲੜਕੇ ਵਾਸਤੇ ਕੈਨੇਡੀਅਨ ਪੀ ਆਰ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਦਾ ਪਰਿਵਾਰ ਕੈਲਗਰੀ ਰਹਿੰਦਾ ਹੈ। ਚਾਹਵਾਨ ਸੰਪਰਕ ਕਰੋ- ਫੋਨ 587-892-2691, ਇੰਡੀਆ ਨੰਬਰ-98557-86891 (ਵੈਟਸਐਪ)

ਹਿੰਦੂ ਖੱਤਰੀ ਲੜਕਾ, 32, 5'8", ਐਮ.ਕਾਮ ਐਲਐਲਬੀ ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ. ਜਾਂ ਵਰਕ ਪਰਮਿਟ ਹੋਲਡਰ ਲੜਕੀ ਦੀ ਲੋੜ ਹੈ। ਲੜਕਾ ਮਾਂਟਰੀਅਲ (ਕਿਊਬੇਕ) ਵਿਚ ਸਟੱਡੀ ਕਰ ਰਿਹਾ ਹੈ। ਭਾਰਤ ਵਿਚ ਵਧੀਆ ਪਰਿਵਾਰ ਹੈ। ਸੰਪਰਕ-778-710-0181 ਜਾਂ 98155-34655

### ਲੜਕੇ ਦੀ ਲੋੜ

ਹਿੰਦੂ ਰਵਿਦਾਸੀਆ ਲੜਕੀ, 31, 5'5", ਐਮ.ਐਸ.ਸੀ. (ਕੰਪਿਊਟਰ ਸਾਇੰਸ) ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ. ਜਾਂ ਵਰਕ ਪਰਮਿਟ ਹੋਲਡਰ ਵੈਸ਼ਨੂੰ ਲੜਕੇ ਦੀ ਲੋੜ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ। ਪਰਿਵਾਰ ਭਾਰਤ ਵਿਚ ਵਧੀਆ ਸੈਟਲਡ ਹੈ। ਸੰਪਰਕ-778-710-0181 ਜਾਂ 95921-36320

## MATRIMONIALS

### ਲੜਕੇ ਦੀ ਲੋੜ

ਜੱਟ ਸਿੱਖ ਬਰਾੜ ਕੈਨੇਡੀਅਨ ਪੀ ਆਰ , ਉਮਰ 29 ਸਾਲ, ਕੱਦ 5 ਫੁੱਟ 6 ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ-ਫੋਨ ਨੰਬਰ 91-77105-45804 (ਵੈਟਸਐਪ)

## EMPLOYMENTS

### ਵਰਕਰਾਂ ਦੀ ਲੋੜ

**ਫਾਸਟ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।**

**ਅੱਜ ਹੀ ਸੰਪਰਕ ਕਰੋ:**

**ਸਾਹਿਬ ਸਿੰਘ : 778-863-9000**

S K Fraimng ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜਰਬੇ ਦੀ ਕੋਈ ਲੋੜ ਨਹੀਂ। ਕੰਮ ਰਿਚਮੰਡ ਵਿਚ ਹੈ। ਸਰੀ ਤੋਂ ਰਾਈਡ ਦਾ ਪ੍ਰਬੰਧ ਹੈ। ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 'ਤੇ ਸੰਪਰਕ ਕਰੋ।

### ਕੇਅਰਗੀਵਰ ਦੀ ਲੋੜ

80 ਸਾਲ ਦੀ ਪੰਜਾਬੀ ਔਰਤ ਦੀ ਦੇਖਭਾਲ ਕਰਨ ਲਈ ਤੁਰੰਤ "ਹਿੰਦੀ/ ਪੰਜਾਬੀ ਬੋਲਣ ਵਾਲੇ" ਕੇਅਰਗੀਵਰ ਲੋੜ ਹੈ। ਭਾਰਤੀ ਅਤੇ ਪੰਜਾਬੀ ਖਾਣਾ ਪਕਾਉਣਾ, ਘਰ ਨੂੰ ਧੋਣ, ਲਾਂਡਰੀ ਅਤੇ ਆਮ ਦੇਖਭਾਲ ਵਿੱਚ ਸਹਾਇਤਾ ਕਰਨ।ਲਾਭਾਂ ਦੇ ਨਾਲ ਚੰਗੀ ਤਨਖਾਹ।ਕੰਮ ਦੀ ਜਗ੍ਹਾ ਵੈਨਕੂਵਰ ਹੈ।ਹੋਰ ਵਧੇਰੇ ਜਾਣਕਾਰੀ ਲਈ 14037600442 (Ash) ਤੇ ਕਾਲ ਕਰੋ, ਸਵੇਰੇ 10 ਵਜੇ ਤੋਂ ਰਾਤ 8 ਵਜੇ ਦੇ ਵਿਚਕਾਰ ਕਾਲ ਕਰੋ।

## EMPLOYMENTS

### ਵਰਕਰਾਂ ਦੀ ਲੋੜ

ਜ਼ੋਰਾਵਰ ਕੰਸਟਰਕਸ਼ਨ ਲਿਮ. ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਲੋੜ ਹੈ। ਵਧੀਆ ਤਨਖਾਹ। ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਵਾਉਣ ਵਿਚ ਮਦਦ ਕੀਤੀ ਜਾਵੇਗੀ। ਸਰੀ, ਡੈਲਟਾ ਅਤੇ ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।ਅੱਜ ਹੀ ਸੰਪਰਕ ਕਰੋ- ਲਖਵੀਰ ਸਿੰਘ ਗਰੇਵਾਲ: 778-881-0002

### ਵਰਕਰਾਂ ਦੀ ਲੋੜ

ਐਬਟਸਫੋਰਡ ਦੀ ਮੰਨੀ ਪ੍ਰਮੰਨੀ ਕੰਪਨੀ ਜੇ. ਕੇ. ਜੇ. ਕੰਟਰੈਕਟਿੰਗ ਲਿਮਟਿਡ ਵਾਲਿਆਂ ਨੂੰ ਨਰਸਰੀ, ਕਰੇਨਬੇਰੀ ਲਈ ਫਾਰਮ ਵਰਕਰਾਂ ਦੀ ਤੁਰੰਤ ਲੋੜ ਹੈ। ਕੰਮ ਪਲਾਂਟਿੰਗ, ਪੋਟਿੰਗ, ਬੇਰੀ ਤੋੜਨ ਅਤੇ ਕਰੇਨਬੇਰੀ ਦਾ ਹੋਵੇਗਾ ਅਤੇ ਸਾਰਾ ਸਾਲ ਚੱਲੇਗਾ। ਕੰਮ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਮਿਸ਼ਨ, ਐਬਟਸਫੋਰਡ ਅਤੇ ਐਲਡਰਗਰੋਵ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੋਵੇਗਾ। ਸਾਨੂੰ ਡਰਾਈਵਰ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ-ਚਰਨਜੀਤ ਕੌਰ 604-309-8705

BOOK YOUR CLASSIFIED IN

ਪੰਜਾਬ ਲਿੰਕ

PUNJABI WEEKLY NEWSPAPER

BUY 4 ADS GET 1 AD FREE

ads@thelinkpaper.ca

# ਏਅਰ ਕੈਨੇਡਾ ਨੇ ਕੈਨੇਡਾ ਅਤੇ ਭਾਰਤ ਵਿਚਕਾਰ ਸੇਵਾ ਮੁੜ ਕੀਤੀ ਸ਼ੁਰੂ

ਮੌਂਟਰੀਅਲ-ਏਅਰ ਕੈਨੇਡਾ ਨੇ ਭਾਰਤ ਲਈ ਅਤੇ ਤੋਂ ਨਾਨ-ਸਟਾਪ ਉਡਾਣਾਂ 'ਤੇ ਕੈਨੇਡਾ ਸਰਕਾਰ ਦੀਆਂ ਪਾਬਿੰਦੀਆਂ ਹਟਾਏ




ਜਾਣ ਤੋਂ ਬਾਅਦ, ਤਦੱਲੀ, ਭਾਰਤ ਤੋਂ ਆਪਣੀਆਂ ਨਾਨ-ਸਟਾਪ ਉਡਾਣਾਂ ਮੁੜ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਏਅਰਲਾਈਨ ਦੀਆਂ ਤਦੱਲੀ ਤੋਂ ਟੋਰਾਂਟੋ ਅਤੇ ਵੈਨਕੂਵਰ ਲਈ ਉਡਾਣਾਂ ਅੱਜ ਦੁਬਾਰਾ ਆਉਣੀਆਂ ਸ਼ੁਰੂ ਹੋ ਗਈਆਂ। ਏਅਰ ਕੈਨੇਡਾ ਦੇ ਨੈੱਟਵਰਕ ਪਲਾਨਿੰਗ ਅਤੇ ਰੈਵੇਨਿਊ ਮੈਨੇਜਮੈਂਟ ਦੇ ਸੀਨੀਅਰ ਵਾਈਸ ਪਰੈਜ਼ੀਡੈਂਟ ਮਾਰਕ ਗਾਲਾਰਡੋ ਨੇ ਕਿਹਾ, "ਲੋਕ ਪਰਿਵਾਰ ਅਤੇ ਦੋਸਤਾਂ ਨਾਲ ਦੁਬਾਰਾ ਜੁੜਨ ਲਈ ਉਤਸੁਕ ਹਨ ਅਤੇ ਕੈਨੇਡਾ ਸਰਕਾਰ ਦੁਆਰਾ ਪਾਬੰਦੀਆਂ ਹਟਾਏ ਜਾਣ ਤੋਂ ਬਾਅਦ ਭਾਰਤ ਤੋਂ ਸਾਡੇ ਟੋਰਾਂਟੋ ਅਤੇ ਵੈਨਕੂਵਰ ਹੱਬਾਂ ਲਈ ਸੇਵਾ ਨੂੰ ਤੁਰੰਤ ਦੁਬਾਰਾ ਸ਼ੁਰੂ ਕਰਕੇ ਅਸੀਂ ਬਹੁਤ ਖੁਸ਼ ਹਾਂ। ਮੁਲਾਕਾਤ ਕਰਨ ਵਾਲੇ ਦੋਸਤਾਂ ਅਤੇ ਰਿਸ਼ਤੇਦਾਰਾਂ ਦੇ ਵੱਧ ਰਹੇ ਬਾਜ਼ਾਰ 'ਤੇ ਸਾਡਾ ਧਿਆਨ ਬਣਿਆ ਹੋਇਆ ਹੈ, ਅਤੇ ਕੈਨੇਡਾ ਅਤੇ ਭਾਰਤ ਦੇ ਵਿਚਕਾਰ ਲੰਬੇ ਸਮੇਂ ਤੋਂ ਚੱਲ ਰਹੇ ਸੱਭਿਆਚਾਰਕ ਅਤੇ ਕਾਰੋਬਾਰੀ ਸਬੰਧਾਂ ਦੇ ਨਾਲ, ਜਿਸਦੇ ਆਉਣ ਵਾਲੇ ਸਾਲਾਂ ਵਿੱਚ ਵਧਣ ਦੀ ਉਮੀਦ ਹੈ, ਏਅਰ ਕੈਨੇਡਾ ਇਸ ਮਹੱਤਵਪੂਰਨ ਏਸ਼ੀਆ-ਪਰਸ਼ਾਂਤ ਮਾਰਕੀਟ ਪ੍ਰਤੀ ਵਚਨਬੱਧ ਹੈ"। ਏਅਰ ਕੈਨੇਡਾ ਦੋਵਾਂ ਦੇਸ਼ਾਂ ਦੇ ਵਿੱਚ ਮੁੱਖ ਕੈਰੀਅਰ ਹੈ। 2015 ਵਿੱਚ ਸੇਵਾ ਸ਼ੁਰੂ ਹੋਣ ਦੇ ਬਾਅਦ ਤੋਂ, ਏਅਰ ਕੈਨੇਡਾ ਨੇ ਟੋਰਾਂਟੋ ਅਤੇ ਵੈਨਕੂਵਰ ਤੋਂ ਦਿੱਲੀ ਅਤੇ ਟੋਰਾਂਟੋ ਤੋਂ ਮੁੰਬਈ ਲਈ ਉਡਾਣਾਂ ਚਲਾਈਆਂ ਹਨ। ਜਿਵੇਂ-ਜਿਵੇਂ ਮਾਰਕੀਟ ਦੇ ਹਾਲਾਤ ਇਜਾਜ਼ਤ ਦਿੰਦੇ ਹਨ, ਏਅਰਲਾਈਨ ਮੌਂਟਰੀਅਲ ਤੋਂ ਦਿੱਲੀ ਲਈ ਨਵੀਆਂ ਨਾਨ-ਸਟਾਪ ਉਡਾਣਾਂ ਸ਼ੁਰੂ ਕਰਨ ਅਤੇ ਮੁੰਬਈ ਲਈ ਸੇਵਾ ਨੂੰ ਦੁਬਾਰਾ ਸ਼ੁਰੂ ਕਰਨ ਦੀ ਯੋਜਨਾ ਬਣਾ ਰਹੀ ਹੈ।

## ਮਿੱਠੀ ਯਾਦ ਛੱਡ ਜਾਓ

**ਹਰਕੀਰਤ ਕੌਰ**

ਅਸੀਂ ਹਰ ਵਕਤ ਕਿਸੇ ਨਾ ਕਿਸੇ ਆਦਮੀ ਦੇ ਰੂਬਰੂ ਹੁੰਦੇ ਰਹਿੰਦੇ ਹਾਂ। ਰੋਜ਼ਮਰ੍ਹਾ ਦੀ ਜ਼ਿੰਦਗੀ ਵਿੱਚ ਪਤਾ ਨਹੀਂ ਕਿੰਨੇ ਕੁ ਨਵੇਂ ਚਿਹਰੇ ਸਾਡੇ ਸਾਹਮਣੇ ਆਉਂਦੇ ਹਨ। ਇਹ ਹੋ ਸਕਦਾ ਹੈ ਕਿ ਮਿਲਣ ਵਾਲੇ ਵਿਅਕਤੀ ਸਾਨੂੰ ਪਹਿਲੀ ਵਾਰ ਮਿਲਿਆ ਹੋਵੇ ਅਤੇ ਇਹ ਵੀ ਹੋ ਸਕਦਾ ਹੈ ਕਿ ਕਿਸੇ ਨਾਲ ਤੁਹਾਡੀ ਆਖਰੀ ਮੁਲਾਕਾਤ ਹੋਵੇ ਅਤੇ ਇਸਤੋਂ ਬਾਅਦ ਤੁਸੀਂ ਜਾਂ ਉਹ ਦੁਨੀਆਂ ਦੀ ਭੀੜ ਵਿੱਚ ਗਵਾਚ ਜਾ? ਅਤੇ ਮੁੜਕੇ ਕਦੇ ਇੱਕ ਦੂਸਰੇ ਦੇ ਸਾਮ੍ਹਣਾ ਹੀ ਨਾ ਹੋ ਪਾਵੇ। ਪਰ ਫਿਰ ਵੀ ਸਾਡੀਆਂ ਛੋਟੀਆਂ ਜਿਹੀਆਂ ਮੁਲਾਕਾਤਾਂ ਵੀ ਵੱਡੀਆਂ ਯਾਦਾਂ ਬਣ ਜਾਂਦੀਆਂ ਹਨ। ਟਰੇਨ ਵਿੱਚ ਸਫ਼ਰ ਕਰਦਿਆਂ ਸਾਨੂੰ ਕਈ ਵਾਰ ਅਜਿਹੇ ਲੋਕ ਮਿਲ ਜਾਂਦੇ ਹਨ ਜਿਹੜੇ ਸਾਡੇ ਦਿਲਾਂ ਵਿੱਚ ਹਮੇਸ਼ਾ ਲਈ ਵੱਸ ਜਾਂਦੇ ਹਨ। ਅਜਿਹੇ ਲੋਕ ਸਾਨੂੰ ਅਜਿਹੀ ਮਿੱਠੀ ਯਾਦ ਦੇ ਜਾਂਦੇ ਹਨ ਜੋ ਕਈ ਮੀਲਾਂ ਦੇ ਪੈਂਡੇ ਦੀ ਦੂਰੀ ਤੋਂ ਵੀ ਕਿਸੇ ਅਨਜਾਣ ਨੂੰ ਯਾਦ ਕਰਵਾ ਸਕਦੀ ਹੈ। ਪਰ ਇਹ ਹਰ ਇੱਕ ਦੇ ਵਸ ਦੀ ਗੱਲ ਨਹੀਂ ਕਿ ਕਿਸੇ ਦੇ ਦਿਲ ਵਿੱਚ ਪਹਿਲੀ ਮੁਲਾਕਾਤ ਨਾਲ ਹੀ ਜਗ੍ਹਾ ਬਣਾ ਲਈ ਜਾਵੇ। ਇਸ ਫਾਨੀ ਸੰਸਾਰ ਨੂੰ ਅਸੀਂ ਸਾਰਿਆਂ ਨੇ ਇੱਕ ਨਾ ਇੱਕ ਦਿਨ ਅਲਵਿਦਾ ਕਹਿ ਦੇਣਾ ਹੈ, ਸੋ ਜੇਕਰ ਸਾਨੂੰ ਪਤਾ ਹੈ ਕਿ ਅਸੀਂ ਇਸ ਦੁਨੀਆਂ ਵਿੱਚ ਕੁਝ ਦਿਨਾਂ ਦੇ ਮਿਹਮਾਨ ਹਾਂ ਤਾਂ ਅਸੀਂ ਲੋਕਾਂ ਦੇ ਦਿਲਾਂ ਵਿੱਚ ਨਫ਼ਰਤ ਦੇ ਬੀਜ ਕਿਉਂ ਬੀਜਦੇ ਹਾਂ। ਅਸੀਂ ਲੋਕਾਂ ਦੇ ਦਿਲਾਂ ਵਿੱਚ ਆਪਣੀ ਇੱਕ ਨਿੱਘੀ ਯਾਦ ਤਾਂ ਹੀ ਪੈਦਾ ਕਰ ਸਕਦੇ ਹਾਂ ਜੇਕਰ ਸਾਡਾ ਚਿਹਰਾ ਹੱਸੋ ਹੱਸੋ ਕਰਦਾ ਹੋਵੇ, ਜੇਕਰ ਅਸੀਂ ਹਰ ਇੱਕ ਨਾਲ ਪਿਆਰ ਅਤੇ ਸਤਿਕਾਰ ਨਾਲ ਪੇਸ਼ ਆਵਾਂਗੇ ਤਾਂ ਸਾਡੇ ਸੰਪਰਕ ਵਿੱਚ ਆਉਣ ਵਾਲੇ ਵਿਅਕਤੀ ਸਾਨੂੰ ਕਦੇ ਵੀ ਭੁੱਲ ਨਹੀਂ ਸਕਣਗੇ। ਅਸੀਂ ਜਿਸ ਤਰ੍ਹਾਂ ਦਾ ਵਰਤਾਉ ਕਰ ਕਿਸੇ ਦੇ ਦਿਲ ਵਿੱਚ ਆਪਣੀ ਤਸਵੀਰ ਬਣਾ ਲੈਂਦੇ ਹਾਂ, ਲੋਕਾਂ ਦੀ ਉਸੇ ਤਰ੍ਹਾਂ ਦੀ ਸੋਚ ਸਾਡੇ ਪਣਤੀ ਚੱਲਦੀ ਰਹਿੰਦੀ ਹੈ। ਸਾਡਾ ਯਤਨ ਰਹਿਣਾ ਚਾਹੀਦਾ ਹੈ ਕਿ ਅਸੀਂ ਹਰ ਇੱਕ ਦੇ ਦਿਲ ਵਿੱਚ ਆਪਣੀ ਮਿੱਠੀ ਯਾਦ ਵਸਾ ਸਕਣ ਦੇ ਕਾਬਿਲ ਹੋਈਏ। ਸਾਡਾ ਵਿਵਹਾਰ ਅਤੇ ਕਿਰਦਾਰ ਕੁਝ ਅਜਿਹਾ ਹੋਵੇ ਕਿ ਲੋਕ ਸਾਨੂੰ ਮਿਲਣ ਲਈ ਉਡੀਕ ਕਰਨ ਅਤੇ ਦਿਲੋਂ ਦੁਆਵਾਂ ਦੇਣ। ਮਿੱਠੀਆਂ ਯਾਦਾਂ ਦੇ ਭੰਡਾਰ ਨੂੰ ਭਰਨਾ ਕੋਈ ਜਿਆਦਾ ਸੌਖਾ ਕੰਮ ਨਹੀਂ ਬਲਕਿ ਆਪਣੀ ਸ਼ਖਸੀਅਤ ਨੂੰ ਅਜਿਹੀ ਬਣਾਉਣ ਲਈ ਦਿਨ ਰਾਤ ਮਿਹਨਤ ਕਰਨੀ ਪੈਂਦੀ ਹੈ , ਫ਼ੇਰ ਕਿਧਰੇ ਜਾ ਕੇ ਅਸੀਂ ਇੱਕ ਹੱਸ ਮੁਖ ਅਤੇ ਚੰਗੀ ਸ਼ਖਸੀਅਤ ਦਾ ਨਿਰਮਾਣ ਕਰ ਸਕਦੇ ਹਾਂ ਜੋ ਜਿੱਥੇ ਵੀ ਵਿਚਰਦੀ ਹੈ ਉੱਥੇ ਹੀ ਮਿੱਠੀਆਂ ਯਾਦਾਂ ਦੇ ਬੀਜ ਬੀਜਦੀ ਆਉਂਦੀ ਹੈ।




IT'S A HEALTH ISSUE,
NOT A RACE ISSUE.

Don't turn a blind eye. COVID-19 affects us all.
Racism doesn't have to.

healthnothate.com #HealthNotHate

METRO CONTRACTING LTD.

Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract




Residential & Commercial

Gurvinder Sanghera: 604-729-1435
Email: gsanghera77@gmail.com




# ਤੰਦਰੁਸਤ ਦੰਦ ਤਾਂ ਸਭ ਕੁੱਝ ਠੀਕ




ਸਿਹਤ ਨਾਲ ਦੰਦਾਂ ਦਾ ਸਿੱਧਾ ਸਬੰਧ ਤਾਂ ਹੈ ਹੀ ਦੂਜਾ ਇਹ ਸਾਡੀ ਦਿਖ ਨੂੰ ਵੀ ਪ੍ਰਭਾਵਿਤ ਕਰਦੇ ਹਨ। ਅਸੀਂ ਜੋ ਕੁਝ ਵੀ ਖਾਂਦੇ ਹਾਂ ਉਸ ਨੂੰ ਚੰਗੀ ਤਰ੍ਹਾਂ ਚਬਾ ਕੇ ਖਾਣ ਵਿਚ ਤੰਦਰੁਸਤ ਦੰਦ ਹੀ ਸਾਡੀ ਸਹਾਇਤਾ ਕਰਦੇ ਹਨ। ਜਿੰਨਾ ਜ਼ਿਆਦਾ ਚਬਾ ਕੇ ਖਾਵਾਂਗੇ ਉਨ੍ਹਾਂ ਹੀ ਸਾਡਾ ਹਾਜ਼ਮਾ ਦਰੁਸਤ ਰਹੇਗਾ। ਦੰਦਾਂ ਦਾ ਕੰਮ ਆਂਤਾਂ ਤੋਂ ਨਹੀਂ ਲੈਣਾ ਚਾਹੀਦਾ ਹੈ। ਖਾਣਾ ਚੰਗੀ ਤਰ੍ਹਾਂ ਚਬਾ ਕੇ ਖਾਧਾ ਜਾਵੇ ਇਸ ਲਈ ਸਾਡੇ ਮੂੰਹ ਵਿਚ ਦੰਦਾਂ ਦਾ ਲੰਬੇ ਸਮੇਂ ਤੱਕ ਤੰਦਰੁਸਤ ਰਹਿਣਾ ਬਹੁਤ ਜ਼ਰੂਰੀ ਹੈ। ਸਾਡੀ ਸਿਹਤ ਦੇ ਨਾਲ-ਨਾਲ ਸਾਡੇ ਦੰਦ ਵੀ ਮਜ਼ਬੂਤ ਰਹਿਣ ਇਸ ਲਈ ਸਾਨੂੰ ਕੁਝ ਸਾਵਧਾਨੀਆਂ ਰੱਖਣ ਦੀ ਜ਼ਰੂਰਤ ਹੈ। ਸਾਨੂੰ ਹਰੇਕ ਖਾਣੇ ਤੋਂ ਬਾਅਦ ਸਾਡੇ ਦੰਦ ਚੰਗੀ ਤਰ੍ਹਾਂ ਸਾਫ਼ ਕਰਕੇ ਚਾਹੀਦੇ ਹਨ। ਹਰੇਕ ਖਾਣ ਤੋਂ ਬਾਅਦ ਘੱਟ ਤੋਂ ਘੱਟ 11 ਵਾਰ ਚੁਲੀ ਕਰੋ। ਜ਼ਿਆਦਾ ਗਰਮ ਜਾਂ ਜ਼ਿਆਦਾ ਠੰਢੀਆਂ ਖਾਣ ਵਾਲੀਆਂ ਚੀਜ਼ਾਂ ਦੀ ਵਰਤੋਂ ਤੋਂ ਸੰਕੋਚ ਕਰੋ। ਕੋਈ ਵੀ ਗਰਮ ਖਾਣ-ਪੀਣ ਵਾਲੀ ਚੀਜ਼ ਖਾਣ ਤੋਂ ਬਾਅਦ ਕਦੇ ਵੀ ਗਰਮ ਖਾਣ-ਪੀਣ ਵਾਲੀ ਚੀਜ਼ ਦੀ ਵਰਤੋਂ ਨਾ ਕਰੋ। ਜੇਕਰ ਤੁਹਾਡੇ ਦੰਦਾਂ ਦੇ ਵਿਚਕਾਰ ਵਿੱਥ ਹੈ ਤਾਂ ਖਾਣੇ ਦੇ ਕੁਝ ਅੰਸ਼ ਦੰਦਾਂ ਵਿਚ ਫਸ ਸਕਦੇ ਹਨ। ਤੁਰੰਤ ਦੰਦ ਸਾਫ਼ ਕਰਨ ਦੀ ਵਿਧੀ ਨਾਲ ਖਾਣੇ ਦੇ ਫਸੇ ਕਣ ਕੱਢ ਕੇ ਵਾਰ-ਵਾਰ ਚੁਲੀ ਕਰੋ ਤਾਂ ਜੋ ਕੋਈ ਵੀ ਕਣ ਦੰਦਾਂ ਵਿਚ ਫਸਿਆ ਨਾ ਰਹੇ। ਆਪਣੇ ਖਾਣ-ਪੀਣ ਵਿਚ ਕੈਲਸ਼ੀਅਮ, ਵਿਟਾਮਿਨ ਸੀ, ਡੀ ਵਾਲੇ ਪਦਾਰਥਾਂ ਦੀ ਜ਼ਿਆਦਾ ਵਰਤੋਂ ਕਰੋ। ਜਿਵੇਂ ਆਂਵਲਾ, ਗਾਜ਼ਰ, ਮੂਲੀ, ਨਿੰਬੂ, ਪਾਲਕ ਦੀ ਸਬਜ਼ੀ, ਮੱਖਣ, ਘਿਓ, ਮੂੰਗਫ਼ਲੀ, ਦੁੱਧ, ਦਹੀਂ, ਲੱਸੀ (ਛਾਠ) ਮੱਖਣ ਕੱਢੀ ਹੋਈ, ਕੇਲਾ ਅਤੇ ਨਾਰੀਅਲ ਆਦਿ। ਮੰਜਨ ਜਾਂ ਪੇਸਟ ਕਰਨ ਤੋਂ ਬਾਅਦ ਉਂਗਲਾਂ ਨਾਲ ਮਸੂੜਿਆਂ ਦੀ ਮਾਲਸ਼ ਕਰੋ। ਸੌਣ ਤੋਂ ਪਹਿਲਾਂ ਮੂੰਹ ਦਾ ਅੰਦਰਲਾ ਹਿੱਸਾ ਚੰਗੀ ਤਰ੍ਹਾਂ ਸਾਫ਼ ਕਰੋ। ਮਠਿਆਈ ਚਾਕਲੇਟ, ਟਾਫੀ ਜਾਂ ਠੰਢੇ ਪਦਾਰਥਾਂ ਦੀ ਘੱਟ ਤੋਂ ਘੱਟ ਵਰਤੋਂ ਕਰੋ।




# ਸ਼ੂਗਰ ਰੋਗ ਤੋਂ ਬਚਣਾ ਸੰਭਵ ਹੈ

ਸ਼ੂਗਰ ਆਧੁਨਿਕ ਬਿਮਾਰੀ ਨਹੀਂ ਹੈ, ਪਰ ਜੋਕੀ ਭੱਜ ਦੌੜ ਦੀ ਜ਼ਿੰਦਗੀ ਗਲਤ ਜੀਵਨ ਸ਼ੈਲੀ ਅਤੇ ਖਾਣ ਪੀਣ ਇਸ ਦੇ ਪਸਾਰੇ ਦਾ ਮੁੱਖ ਕਾਰਨ ਹੈ। ਇਹ ਬਹੁਤ ਪੁਰਾਣਾ ਰੋਗ ਹੈ। ਮੁੱਖ ਤੌਰ'ਤੇ ਇਨਸ਼ੂਲੀਨ ਦੀ ਕਮੀ ਕਰਕੇ ਇਹ ਰੋਗ ਪਨਪਦਾ ਹੈ। ਇਨਸੂਲੀਨ ਪੈਕਰੀਅਮ ਤੋਂ ਨਿਕਲਣ ਵਾਲਾ ਰਸ ਹੈ। ਇਹ ਕੁੱਝ ਹੱਦ ਤੱਕ ਭੋਜਨ ਨੂੰ ਪਚਾਉਣ ਅਤੇ ਮੁੱਖ ਤੌਰ 'ਤੇਖੂਨ ਵਿਚ ਸ਼ੱਕਰ ਦੀ ਮਾਤਰਾ ਨੂੰ ਨਿਯਮਿਤ ਰੱਖਣ ਵਿਚ ਸਹਾਈ ਹੁੰਦਾ ਹੈ। ਇਨਸੁਲੀਨ ਦੀ ਘੱਟ ਉਤਪਤੀ ਕਰਕੇ ਸ਼ੁੱਕਰ ਦੀ ਮਾਤਰਾ ਉੱਪਰ ਸਰੀਰ ਵਿਚ ਕੰਟਰੋਲ ਨਹੀਂ ਰਹਿੰਦਾ। ਮੋਟੇ-ਭਾਰੇ ਸਰੀਰ ਵਿਚ ਜਿਵੇਂ-ਜਿਵੇਂ ਇਨਸੁਲੀਨ ਦੀ ਮਾਤਰਾ ਘੱਟਦੀ ਹੈ। ਸ਼ੂਗਰ ਦਾ ਖੂਨ ਵਿਚ ਵਾਧਾ ਹੋਣਾ ਸ਼ੁਰੂ ਹੋ ਜਾਂਦਾ ਹੈ। ਸ਼ੂਗਰ ਨਾਲ ਸੰਬੰਧਿਤ ਕਿਸੇ ਵੀ ਲੱਛਣ ਦਾ ਪਤਾ ਲੱਗਣ 'ਤੇ ਖੂਨ ਦੀ ਜਾਂਚ ਕਰਵਾ ਕੇ ਕਿਸੇ ਮਾਹਿਰ ਡਾਕਟਰ ਦੀ ਸਲਾਹ ਜ਼ਰੂਰ ਲੈਣੀ ਚਾਹੀਦੀ ਹੈ। ਸ਼ੂਗਰ ਤੋਂ ਕਈ ਹੋਰ ਰੋਗ ਜਵੇਂ ਮੋਤੀਆ ਬਿੰਦੂ, ਗੁਰਦਾਂ ਦੀ ਖਰਾਬੀ ਅਤੇ ਸਰੀਰਕ ਕਮਜ਼ੋਰੀ ਆਦਿ। ਸ਼ੂਗਰ ਰੋਗ ਤੋਂ ਬਚਣ ਲਈ ਆਪਣੇ ਸਰੀਰ ਦੇ ਭਾਰ ਨੂੰ ਕਾਬੂ ਵਿਚ ਰੱਖਣਾ ਬਹੁਤ ਹੀ ਜ਼ਰੂਰੀ ਹੈ। ਮਾਨਸਿਕ ਤਨਾਓ ਤੋਂ ਦੂਰ ਰਹਿਣਾ ਚਾਹੀਦਾ ਹੈ। ਹਰ ਰੋਜ਼ ਹਲਕੀ-ਫੁਲਕੀ ਕਸਰਤ ਦੇ ਨਾਲ-ਨਾਲ ਸਵੇਰ ਸ਼ਾਮ ਦੀ ਸੈਰ ਜ਼ਰੂਰ ਕਰਨੀ ਚਾਹੀਦੀ ਹੈ। ਸ਼ੂਗਰ ਇਕ ਜਟਿਲ ਰੋਗ ਤਾਂ ਹੈ ਪਰ ਇਸ ਉੱਪਰ ਕਾਬੂ ਪਾਉਣਾ ਔਖਾ ਨਹੀਂ ਹੈ। ਮਾਹਿਰ ਡਾਕਟਰ ਦੀ ਸਲਾਹ ਨਾਲ ਦਵਾਈਆਂ ਦਾ ਸੇਵਨ ਕਰਕੇ ਇਸ ਰੋਗ ਤੋਂ ਨਿਜਾਤ ਪਾਈ ਜਾ ਸਕਦੀ ਹੈ।



MORTGAGE
If you are paying more than
1.30%*
(5 Years VIRM 30 Years Ammortization)
Call us NOW to Lower your Rate!
RAJ GILL HAS "NO STRESS MORTGAGE"
Superior Mortgage
Unit 244-8138-128 Street, Surrey
604 507 1000
Our Symbol of Care & Service



J & S Insulation & Rebar Ltd.



Residential & Commercial
Batt Insulation, Rigid Insulation, Insulate Sprinkler, Slab Insulation, Rebar, Poly, Styrofoam
Quality Work, Free Estimates
Best Price
Sarbjit: 604.841.9849

SKY BLUE DRYWALL LTD.
Residential & Commercial
T-Bar
Steel Stud
Boarding
Taping
Ceiling Texture
Renovation
Quality Work
Free Estimates
Daljit Singh
778-549-3605
E: singh.mand@icloud.com






# ਜਰੂਰੀ ਹੈ ਬੱਚਿਆਂ ਦਾ ਵੀ ਸਤਿਕਾਰ ਕਰਨਾ



ਹਰਕੀਰਤ ਕੌਰ
9779118066

ਹਰ ਇਨਸਾਨ ਜੋ ਇਸ ਸੰਸਾਰ ਵਿੱਚ ਆਇਆ ਹੈ, ਉਸਦੀ ਦਿਲੀ ਇੱਛਾ ਹੁੰਦੀ ਹੈ ਕਿ ਹਰ ਕੋਈ ਉਸਨੂੰ ਪਿਆਰ ਕਰੇ ਹਰ ਕੋਈ ਉਸਨੂੰ ਸਤਿਕਾਰ ਦੇਵੇ। ਹਮਦਰਦੀ, ਪਿਆਰ, ਸਤਿਕਾਰ, ਆਪਣਾਪਨ ਇਹ ਮਨੁੱਖੀ ਵਿਵਹਾਰ ਨੂੰ ਬਹੁਤ ਪ੍ਰਭਾਵਿਤ ਕਰਦੇ ਹਨ। ਜਿਵੇਂ ਇੱਕ ਛੋਟੇ ਜਿਹੇ ਪੌਦੇ ਨੂੰ ਵਧੇਰੇ ਧਿਆਨ ਦੀ ਜਰੂਰਤ ਹੁੰਦੀ ਹੈ, ਬਿਲਕੁਲ ਇਸੇ ਤਰ੍ਹਾਂ ਬੱਚਿਆਂ ਨੂੰ ਵੀ ਖਾਸ ਤਵੱਜੋ ਦੀ ਜਰੂਰਤ ਹੁੰਦੀ ਹੈ। ਵੱਡਿਆਂ ਦੇ ਮੁਕਾਬਲੇ ਬੱਚਿਆਂ ਨੂੰ ਪ੍ਰੰਸ਼ਸਾ ਭਰੇ ਸਤਿਕਾਰ ਦੀ ਕਈ ਗੁਣਾ ਜਿਆਦਾ ਜਰੂਰਤ ਹੁੰਦੀ ਹੈ । ਬਹੁਤ ਸਾਰੇ ਮਾਪੇ ਬੱਚਿਆਂ ਦੇ ਵਿਵਹਾਰ ਤੋਂ ਪੇਰਸ਼ਾਨ ਹੁੰਦੇ ਹਨ। ਪਰ ਉਹਨਾਂ ਕਦੇ ਇਹ ਸੋਚਣ ਦਾ ਯਤਨ ਕਦੇ ਨਹੀਂ ਕੀਤਾ ਕਿ ਬੱਚਿਆਂ ਵਿੱਚ ਅਜਿਹੇ ਵਿਵਹਾਰ ਦੇ ਪੈਦਾ ਹੋਣ ਪਿੱਛੇ ਕੀ ਕਾਰਣ ਹਨ। ਜਿਸ ਤਰ੍ਹਾਂ ਦਾ ਘਰ ਦਾ ਮਾਹੌਲ, ਮਾਤਾ ਪਿਤਾ ਦੀ ਬੋਲ ਬਾਣੀ ਹੋਵੇਗੀ ਬੱਚੇ ਦੀ ਸ਼ਖਸੀਅਤ ਉਸੇ ਤਰ੍ਹਾਂ ਦਾ ਪਰਭਾਵ ਕਬੂਲਦੀ ਹੈ। ਅਕਸਰ ਮਾਪੇ ਬਾਹਰਲੇ ਲੋਕਾਂ ਦੇ ਸਾਹਮਣੇ ਬੱਚਿਆਂ ਨੂੰ ਉਹਨਾਂ ਦੀ ਗਲਤੀ ਉੱਪਰ ਝਿੜਕਦੇ ਹਨ ਜਾਂ ਮਾਰਦੇ ਹਨ, ਮਾਪਿਆਂ ਦਾ ਅਜਿਹਾ ਵਿਵਹਾਰ ਬੱਚੇ ਵਿੱਚ ਹੀਣ ਭਾਵਨਾ ਪੈਦਾ ਕਰਦਾ ਹੈ। ਬੱਚੇ ਦਾ ਆਤਮ ਵਿਸ਼ਵਾਸ ਡੋਲ੍ਹ ਜਾਦਾਂ ਹੈ ਅਤੇ ਉਸਨੂੰ ਲੋਕਾਂ ਵਿੱਚ ਵਿਚਰਨ ਤੋਂ ਡਰ ਲੱਗਣ ਲੱਗ ਜਾਂਦਾ ਹੈ। ਕੋਈ ਗਰੀਬ ਹੋਵੇ ਜਾਂ ਅਮੀਰ ਬੱਚੇ ਤਾਂ ਸਮਾਜ ਦਾ ਹਿੱਸਾ ਹਨ ਹੀ, ਉਹਨਾਂ ਨਾਲ ਹੀ ਦੇਸ਼ ਦਾ ਵਿਕਾਸ ਹੋਣਾ ਹੈ ਅਤੇ ਉਹ ਹੀ ਦੇਸ਼ ਦਾ ਸਰਮਾਇਆ ਹਨ । ਪਰ ਜਦੋਂ ਮਾਪੇ ਆਪਣੇ ਬੱਚਿਆਂ ਨਾਲ ਸਤਿਕਾਰ ਨਾਲ ਪੇਸ਼ ਨਹੀਂ ਆਉਂਦੇ ਤਾਂ ਉਹਨਾਂ ਦੀ ਮਾਨਸਿਕਤਾ ਉੱਪਰ ਬਹੁਤ ਗਹਿਰਾ ਅਸਰ ਹੁੰਦਾ ਹੈ। ਕਦੇ ਵੀ ਬੱਚੇ ਨੂੰ ਇਹ ਅਹਿਸਾਸ ਨਾ ਕਰਵਾਉ ਕਿ ਉਸਦੀ ਮੌਜੂਦਗੀ ਦਾ ਕੋਈ ਅਰਥ ਨਹੀਂ ਹੈ। ਬਹੁਤ ਸਾਰੇ ਮਾਪਿਆਂ ਨੂੰ ਇਹ ਭੁਲੇਖਾ ਹੁੰਦਾ ਹੈ ਕਿ ਬੱਚੇ ਨੂੰ ਕੇਵਲ ਡਾਂਟ ਕੇ ਹੀ ਸਹੀ ਰਸਤੇ ਤੇ ਲਿਆਇਆ ਜਾ ਸਕਦਾ ਹੈ। ਜਦਕਿ ਇਹ ਬਿਲਕੁਲ ਗਲਤ ਹੈ, ਝਿੜਕ ਕੇ ਜਾਂ ਗੁੱਸੇ ਨਾਲ ਤੁਸੀਂ ਕਿਸੇ ਵੀ ਬੱਚੇ ਨੂੰ ਚਾਹ ਕੇ ਵੀ ਸੁਧਾਰ ਨਹੀਂ ਸਕਦੇ ਹਾਂ ਉਸਨੂੰ ਜਿੱਦੀ, ਬੇਪਰਵਾਹ ਤੇ ਗੈਰ ਜਿੰਮੇਵਾਰ ਜਰੂਰ ਬਣਾ ਸਕਦੇ ਹੋ। ਬੱਚਿਆਂ ਨੂੰ ਸਤਿਕਾਰ ਦੇਣਾ ਬਹੁਤ ਜਰੂਰੀ ਹੈ। ਜਰੂਰੀ ਨਹੀਂ ਕਿ ਬੱਚੇ ਦੀ ਕਿਸੇ ਜਿੱਤ ਜਾਂ ਪਾਰਪਤੀ ਉੱਪਰ ਹੀ ਉਸਨੂੰ ਹੱਲਾਸ਼ੇਰੀ ਦੇਣੀ ਹੈ ਜਾਂ ਉਸਦੀ ਪ੍ਰੰਸ਼ਸਾ ਕਰਨੀ ਹੈ। ਬਿਨਾ ਕਿਸੇ ਗੱਲ ਤੋਂ ਵੀ ਬੱਚੇ ਨੂੰ ਸਤਿਕਾਰ ਦਿਉ, ਪਿਆਰ ਦਿਉ , ਉਸਨੂੰ ਇਹ ਅਹਿਸਾਸ ਕਰਵਾਉ ਕਿ ਉਸਦੀ ਆਪਣੀ ਇੱਕ ਹੋਂਦ ਹੈ । ਉਸਦਾ ਇਸ ਸਮਾਜ ਵਿੱਚ ਆਪਣਾ ਇੱਕ ਵਜੂਦ ਹੈ। ਬੱਚੇ ਨੂੰ ਸਤਿਕਾਰ ਦੇਣ ਨਾਲ ਬੱਚੇ ਦੇ ਸਵੈਂ ਮਾਣ ਵਿੱਚ ਵਾਧਾ ਹੁੰਦਾ ਹੈ। ਬੱਚੇ ਨੂੰ ਉਸਦੀ ਵੱਖਰੀ ਅਤੇ ਨਿਰਾਲੀ ਹੋਂਦ ਦਾ ਅਹਿਸਾਸ ਕਰਵਾਇਆ ਜਾਵੇ। ਉਸਦੀਆਂ ਲੋੜਾਂ, ਉਮੰਗਾਂ ਦਾ ਪੂਰਾ ਧਿਆਨ ਰੱਖਿਆ ਜਾਵੇ। ਬੱਚੇ ਦੀਆਂ ਕਮੀਆਂ, ਔਗੁਣਾਂ ਨੂੰ ਵੀ ਡਾਂਟ ਕੇ ਨਹੀਂ ਬਲਕਿ ਪਿਆਰ ਨਾਲ ਦੂਰ ਕੀਤਾ ਜਾਵੇ। ਪਿਆਰ ਨਾਲ ਕਦੇ ਵੀ ਬੱਚੇ ਵਿੱਚ ਹੀਣ ਭਾਵਨਾ, ਨੀਵਾਂ ਪਣ ਨਹੀਂ ਆਉਂਦਾ ਹੈ। ਸਤਿਕਾਰ ਹੀ ਬੱਚਿਆਂ ਨੂੰ ਵਧੀਆ ਜੀਵਨ ਜਾਂਚ ਦੇ ਸਕਦਾ ਹੈ। ਜੇਕਰ ਮਾਪੇ ਚਾਹੁੰਦੇ ਹਨ ਕਿ ਉਹਨਾਂ ਦੇ ਬੱਚੇ ਹਰ ਮੁਕਾਮ ਨੂੰ ਸਰ ਕਰਨ ਦੇ ਸਮਰੱਥ ਹੋਣ ਤਾਂ ਉਹਨਾਂ ਦਾ ਮਨੋਬਲ ਵਧਾਉਣ ਲਈ ਹਰ ਯਤਨ ਕਰੋ, ਉਹਨਾਂ ਨੂੰ ਵੱਡਿਆ ਦੇ ਬਰਾਬਰ ਦਾ ਸਤਿਕਾਰ ਦਿਉ ਤਾਂ ਜੋ ਜਿੰਮੇਵਾਰ ਨਾਗਰਿਕ ਸਮਾਜ ਦਾ ਹਿੱਸਾ ਹੋਣ।

# ਕਿਵੇਂ ਦੂਰ ਹੋ ਸਕਦਾ ਹੈ ਵਿਚਾਰਧਾਰਕ ਹਨੇਰਾ



ਹਨੇਰੇ ਨੂੰ ਵੇਖ ਮਨੁੱਖ ਦਾ ਮਨ ਹਮੇਸ਼ਾ ਤਰਲੋਮੱਛੀ ਹੋ ਉੱਠਦਾ ਹੈ। ਜਦ ਪਹਿਲੀ ਵਾਰ ਮਨੁੱਖ ਨੇ ਸੂਰਜ ਨੂੰ ਛੁਪਦਿਆਂ ਵੇਖਿਆ ਤਾਂ ਮਨੁੱਖ ਬੇਚੈਨ ਹੋ ਇਹ ਸੋਚਣ ਲੱਗਾ ਕਿ ਸ਼ਾਇਦ ਹਨੇਰੇ ਦੀ ਪਸਰੀ ਇਹ ਕਾਲੀ ਡਰਾਉਣੀ ਚਾਦਰ ਦੂਰ ਹੀ ਨਹੀਂ ਹੋਵੇਗੀ! ਸ਼ਾਇਦ ਕਦੇ ਹੁਣ ਰੋਸ਼ਨੀ ਨਾਲ ਭਰੀ ਸਵੇਰ ਦੁਬਾਰਾ ਦਸਤਕ ਹੀ ਨਹੀਂ ਦੇਵੇਗੀ। ਪਰ ਦੂਰ ਕਿਤੇ ਝੋਪੜੀ ਵਿੱਚ ਬਲਦੇ ਦੀਵੇ ਨੇ ਮਨੁੱਖ ਨੂੰ ਹੌਸਲਾ ਦਿੰਦਿਆਂ ਕਿਹਾ ਕਿ ਮੈਂ ਇੱਕ ਛੋਟਾ ਜਿਹਾ ਦੀਪ ਹਾਂ, ਮੈਂ ਆਪਣੀ ਸਮਰੱਥਾ ਅਨੁਸਾਰ ਜਿੰਨੀ ਜਗ੍ਹਾ ਵਿੱਚ ਚਾਨਣ ਕਰ ਸਕਾਂਗਾ ਕਰਾਂਗਾ, ਸਮਾਂ ਬੀਤਦਾ ਗਿਆ ਤੇ ਹਨੇਰੇ ਦੀ ਕਾਲੀ ਬੋਲੀ ਰਾਤ ਨੂੰ ਲੋਕਾਂ ਨੇ ਘਰਾਂ ਵਿੱਚ ਛੋਟੇ ਛੋਟੇ ਦੀਪ ਬਾਲ ਰੁਸ਼ਨਾ ਲਿਆ। ਇਹ ਹਨੇਰਾ ਇੱਕ ਕੁਦਰਤ ਦੀ ਪਰਕਿਰਿਆ , ਕੁਦਰਤ ਦੇ ਨਿਯਮ ਵਿੱਚ ਬੱਝਾ ਹੋਇਆ ਹਨੇਰਾ ਹੈ, ਇਸ ਹਨੇਰੇ ਨੇ ਆਪਣੇ ਬੱਝਵੇਂ ਸਮੇਂ ਉਪਰੰਤ ਦੂਰ ਹੋਣਾ ਹੀ ਹੁੰਦਾ ਹੈ, ਪਰ ਗੱਲ ਤਾਂ ਸਾਡੀ ਵਿਚਾਰਧਾਰਾ ਵਿੱਚ ਪਸਰ ਰਹੇ ਹਨੇਰੇ ਦੀ ਹੈ, ਉਹ ਹਨੇਰਾ ਜਿਸ ਨੇ ਸਾਡੇ ਮਨਾਂ ਉੱਪਰ ਕਾਲੀ ਰਾਤ ਦੀ ਚਾਦਰ ਵਿਛਾਈ ਹੋਈ ਹੈ। ਇਹ ਹਨੇਰਾ ਪੂਰੇ ਜ਼ੋਰ ਨਾਲ ਹੱਕਾਂ ਦਾ ਇਨਸਾਫ਼ ਦੀ ਅਵਾਜ਼ ਦਾ ਗਲਾ ਘੁੱਟ ਰਿਹਾ ਹੈ, ਮਨੁੱਖ ਡਰ, ਬੇਚੈਨੀ, ਕਾਇਰਤਾ ਦੇ ਆਲਮ ਵਿੱਚ ਦਿਨ - ਬ - ਭਟਕ ਰਿਹਾ ਹੈ। ਅਜਿਹਾ ਬੇਚੈਨੀ ਜੋ ਮਨੁੱਖ ਨੂੰ ਨਿਰਾਸ਼ਤਾ ਦੇ ਆਲਮ ਵਿੱਚ ਡੋਬ ਰਹੀ ਹੈ। ਸਾਡੀ ਵਿਚਾਰਧਾਰਾ ਵਿੱਚ ਦਿਨੋਂ ਦਿਨ ਨਿਘਾਰ ਆ ਰਿਹਾ ਹੈ, ਅਸੀਂ ਮਨੁੱਖੀ ਕਦਰਾਂ ਕੀਮਤਾਂ ਨੂੰ ਭੁੱਲ ਅਗਿਆਨਤਾ ਰੂਪੀ ਹਨੇਰੇ ਵਿੱਚ ਗਵਾਚਦੇ ਜਾ ਰਹੇ ਹਾਂ। ਵਿਚਾਰਧਾਰਾ ਵਿੱਚ ਆ ਰਹੀ ਗਿਰਾਵਟ ਦਾ ਕਾਰਨ ਅੱਜ ਮਨੁੱਖਾਂ ਦਾ ਆਪਣੇ ਅਸਲ ਮਕਸਦ ਤੋਂ ਭਟਕਣਾ ਹੈ।ਮਨੁੱਖੀ ਕਦਰਾਂ ਕੀਮਤਾਂ ਦੀ ਬਹਾਲੀ ਸਾਹਿਤ ਬਹੁਤ ਵੱਡਾ ਯੋਗਦਾਨ ਅਦਾ ਕਰ ਸਕਦਾ ਹੈ। ਸਾਡੀ ਵਿਚਾਰਧਾਰਾ ਵਿੱਚੋਂ ਹਨੇਰਾ ਕੇਵਲ ਸੁਹਜਮਈ ਸੋਚ ਦੇ ਸਦਕਾ ਹੀ ਦੂਰ ਹੋ ਸਕਦਾ ਹੈ । ਵਧੀਆ ਸਾਹਿਤ, ਵਧੀਆ ਲਿਖਤਾਂ ਹੀ ਹਨ ਜੋ ਹਨੇਰੇ ਨੂੰ ਵੰਗਾਰ ਕੇ ਕਹਿ ਸਕਦੀਆਂ ਹਨ ਜਦ ਤੱਕ ਸੁਚੱਜਾ ਸਾਹਿਤ ਅਬਾਦ ਹੈ ਤਦ ਤੱਕ ਚਾਨਣ ਦਾ ਕਤਲ ਨਹੀਂ ਹੋ ਸਕਦਾ। ਵਿਚਾਰਧਾਰਿਕ ਹਨੇਰਾ ਬਹੁਤ ਤਰ੍ਹਾਂ ਦਾ ਹੈ । ਧੀਆਂ ਨੂੰ ਪੁੱਤਰਾਂ ਦੇ ਬਰਾਬਰ ਨਾ ਸਮਝਣਾ, ਔਰਤ ਅਤੇ ਮਰਦ ਵਿੱਚ ਫਰਕ, ਫਿਰਕੂਪੁਣਾ, ਸੌੜੀ ਸੋਚ ਇਹ ਸਭ ਆਦਤਾਂ ਇਸ ਗੱਲ ਦੀਆਂ ਸੰਕੇਤ ਹਨ ਕਿ ਤੁਸੀਂ ਵਿਚਾਰਧਾਰਾ ਦੇ ਹਨੇਰੇ ਵਿੱਚ ਗੁੰਮੇ ਹੋਏ ਹੋ। ਆਪਣੀ ਸੋਚ ਨੂੰ ਸਹੀ ਸੇਧ ਦੇਣ ਲਈ ਸਾਨੂੰ ਵਧੀਆ ਸਾਹਿਤ ਦਾ ਸਹਾਰਾ ਲੈਣਾ ਚਾਹੀਦਾ ਹੈ, ਇਸ ਤੋਂ ਵੀ ਵੱਡੀ ਗੱਲ ਕਿ ਸਾਡੇ ਕੋਲ ਗੁਰੂ ਗ੍ਰੰਥ ਸਾਹਿਬ ਜੀ ਵਰਗੇ ਚਾਨਣ ਮੁਨਾਰੇ ਹਨ। ਜੋ ਪੈਰ ਪੈਰ ਤੇ ਸਾਡੀ ਅਗਵਾਈ ਕਰਦੇ ਹਨ। ਇੱਕ ਚੰਗੀ ਜੀਵਨ ਜਾਂਚ ਸਿਖਾਉਂਦੇ ਹਨ। ਜੇਕਰ ਤੁਸੀਂ ਵੀ ਇਸ ਹਨੇਰੇ ਤੋਂ ਬਾਹਰ ਆਉਣਾ ਚਾਹੁੰਦੇ ਹੋ ਜਾਂ ਚਾਹੁੰਦੇ ਹੋ ਕਿ ਤੁਹਾਡੇ ਨਾਲ ਜੁੜੇ ਨੌਜਵਾਨ ਇਸ ਦਲਦਲ ਵਿੱਚ ਨਾ ਜਾਣ ਤਾਂ ਉਹਨਾਂ ਨੂੰ ਸਾਰਥਕ ਸੋਚ ਦੇ ਮਾਲਿਕ ਬਣਾਉ। ਨੌਜਵਾਨਾਂ ਨੂੰ ਵੱਧ ਤੋਂ ਵੱਧ ਸਾਹਿਤ ਨਾਲ ਜੋੜਿਆ ਜਾਵੇ। ਬਚਪਨ ਤੋਂ ਬੱਚਿਆਂ ਨੂੰ ਚੰਗੀਆਂ ਆਦਤਾਂ ਦੇ ਆਦੀ ਬਨਾਉ ਤਾਂ ਜੋ ਉਹਨਾਂ ਦੀ ਵਿਚਾਰਧਾਰਾ ਦਾ ਦਾਇਰਾ ਬਹੁਤ ਵਿਸ਼ਾਲ ਹੋਵੇ ਅਤੇ ਰੋਸ਼ਨੀ ਨਾਲ ਭਰੀ ਹੋਵੇ।

—ਹਰਕੀਰਤ ਕੌਰ , 9779118066

ਸ਼ੋਰ ਸਾਈਡ ਫਿਸ਼ ਕੈਨਰੀ



ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE: 604-244-1118
FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED




# ਮਾਹਵਾਰੀ ਦੇ ਸਮੇਂ ਦੀਆਂ ਸਮੱਸਿਆਵਾਂ

ਮਾਹਵਾਰੀ ਲੜਕੀਆਂ ਦੇ ਜਵਾਨ ਹੋਣ ਦਾ ਸੰਕੇਤ ਹੈ। ਆਮ ਤੌਰ 'ਤੇ ਭਾਰਤੀ ਪੌਣ ਪਾਣੀ ਵਿਚ ਲੜਕੀਆਂ ਵਿਚ 14 ਸਾਲ ਦੇ ਲਗਭਗ ਮਾਹਵਾਰੀ ਸ਼ੁਰੂ ਹੋ ਸਕਦੀ ਹੈ ਅਤੇ 50-55 ਸਾਲ ਦੀ ਉਮਰ ਤੱਕ ਚਲਦੀ ਹੈ। ਆਮ ਤੌਰ 'ਤੇ ਮਾਹਵਾਰੀ ਚੱਕਰ ਕਰੀਬ 28 ਦਿਨ ਦਾ ਹੁੰਦਾ ਹੈ ਪਰ ਕੁਝ ਲੜਕੀਆਂ ਵਿਚ ਇਹ 32 ਦਿਨ ਅਤੇ ਕੁਝ ਵਿਚ 25 ਦਿਨ ਵੀ ਹੋ ਸਕਾਦ ਹੈ। ਮਾਹਵਾਰੀ ਦੌਰਾਨ ਰਿਸਣ ਵਾਲਾ ਖ਼ੂਨ ਬੱਚੇਦਾਨੀ ਵਿਚ ਵਾਧੂ ਖ਼ੂਨ ਹੁੰਦਾ ਹੈ। ਆਮ ਤੌਰ 'ਤੇ ਇਹ ਰਿਸਾਵ 5 ਦਿਨ ਦਾ ਹੁੰਦਾ ਹੈ। ਪਰ ਜੇਕਰ ਇਹ ਜ਼ਿਆਦਾ ਦਿਨ ਚਲੇ ਤਾਂ ਧਿਆਨ ਦੇਣ ਦੀ ਲੋੜ ਹੈ। ਮਾਹਵਾਰੀ ਦੌਰਾਨ ਆਮ ਤੌਰ'ਤੇ ਮੈਨਸੁਅਲ ਟੈਂਸ਼ਨ, ਖ਼ੂਨ ਦਾ ਜ਼ਿਆਦਾ ਰਿਸਾਵ, ਕਸ਼ਟਦਾਇਕ ਖ਼ੂਨ ਰਿਸਾਵ ਆਦਿ ਹਨ। ਮੈਨਸੂਅਲ ਟੈਂਸ਼ਨ ਨੂੰ ਪੀ. ਐਮ. ਐੱਸ. ਕਹਿੰਦੇ ਹਨ। ਇਹ ਮਾਹਵਾਰੀ ਚੱਕਰ ਨਾਲ ਜੁੜਿਆ ਹੁੰਦਾ ਹੈ। ਆਮ ਤੌਰ 'ਤੇ ਪੀ. ਐਮ. ਐਸ. ਮਾਹਵਾਰੀ ਸ਼ੁਰੂ ਹੋਣ ਤੋਂ 2 ਹਫ਼ਤੇ ਪਹਿਲਾਂ ਹੁੰਦਾ ਹੈ। ਇਸਦੇ ਲੱਛਣ ਵਿਖਾਈ ਦੇਣ ਲੱਗਦੇ ਹਨ। ਜਿਵੇਂ ਸੋਜਸ, ਚਿੜਚਿੜਾਪਨ, ਸਿਰ ਦਰਦ, ਸਤਨ ਦਰਦ, ਜ਼ਿਆਦਾ ਥਕਾਨ, ਪਿੱਠ ਦਰਦ, ਉਨੀਂਦਰਾ, ਕਬਜ਼, ਦਸਤ, ਜਾਂ ਪੇਟ ਚਿ ਹਲਕੀ ਦਰਦ ਆਦਿ।




### ਖ਼ੂਨ ਦਾ ਜ਼ਿਆਦਾ ਰਿਸਾਵ

ਖਾਣ ਪੀਣ ਵਿਚ ਬਦਲਾਵ, ਕੁਝ ਦਵਾਈਆਂ ਦਾ ਉਪਯੋਗ, ਯੋਨੀ ਇਨਫੈਕਸ਼ਨ, ਰਸੌਲੀਆਂ ਜਾਂ ਬੱਚੇਬਾਦਨੀ ਦੀ ਸੋਜਸ ਕਰਕੇ ਵੀ ਅਜਿਹਾ ਹੋ ਸਕਦਾ ਹੈ।

### ਕਸ਼ਟਦਾਇਕ ਮਾਹਵਾਰੀ

ਆਮ ਤੌਰ 'ਤੇ ਔਰਤਾਂ ਨੂੰ ਮਾਹਵਾਰੀ ਦੌਰਾਨ ਦਰਦ ਨਹੀਂ ਹੁੰਦਾ ਪਰ ਕੁਝ ਇਕ ਨੂੰ ਬਹੁਤ ਜ਼ਿਆਦਾ ਦਰਦ ਹੁੰਦਾ ਹੈ ਅਤੇ ਹਸਪਤਾਲ ਤੱਕ ਜਾਣ ਦੀ ਨੌਬਤ ਆ ਜਾਂਦੀ ਹੈ। ਕੁਝ ਔਰਤਾਂ ਨੂੰ ਮਾਹਵਾਰੀ ਤੋਂ ਪਹਿਲਾਂ ਉਲਟੀ ਜਾਂ ਕਮਰ ਦਰਦ ਦੀ ਸ਼ਿਕਾਇਤ ਵੀ ਹੋ ਸਕਦੀ ਹੈ। ਗਰਭ-ਨਿਰੋਧਕ ਬਦਲਣ ਨਾਲ ਵੀ ਇਹ ਸਮੱਸਿਆ ਪਨਪ ਸਕਦੀ ਹੈ। ਮਾਹਵਾਰੀ ਦੌਰਾਨ ਖੱਟੀਆਂ ਚੀਜ਼ਾਂ, ਠੰਢੀਆਂ ਚੀਜ਼ਾਂ, ਭੋਜਨ ਵਿਚ ਜ਼ਿਆਦਾ ਮਸਾਲੇ ਅਤੇ ਜ਼ਿਆਦਾ ਨਮਕ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਹੈ।




# ਔਰਤਾਂ ਨੇ ਪੇਸ਼ ਆਉਂਦੀਆਂ ਮੁਸ਼ਕਿਲਾਂ



ਜਦੋਂ ਔਰਤਾਂ ਦੀ ਗੱਲ ਹੁੰਦੀ ਹੈ ਤਾਂ ਉਹ ਆਰਾਮ ਨਾਲ ਆਮ ਤੌਰ 'ਤੇ ਹਰ ਬਿਮਾਰੀ ਨੂੰ ਨਜ਼ਰ ਅੰਦਾਜ਼ ਕਰ ਦਿੰਦੀਆਂ ਹਨ। ਅਜਿਹੀਆਂ ਕੁਝ ਬਿਮਾਰੀਆਂ ਹਨ ਜੋ ਜਲਦੀ ਪਹਿਚਾਣ ਵਿਚ ਨਾ ਆਉਣ ਤਾਂ ਗੰਭੀਰ ਖਤਰਾ ਬਣ ਜਾਂਦੀਆਂ ਹਨ। ਕਈ ਵਾਰ ਤਾਂ ਮੌਤ ਤੱਕ ਦੀ ਨੌਬਤ ਆ ਜਾਂਦੀ ਹੈ। ਇਸ ਲਈ ਜ਼ਰੂਰੀ ਹੈ ਕਿ ਕਿਸੇ ਵੀ ਬਿਮਾਰੀ ਦਾ ਲੇਸਮਾਤਰ ਸ਼ੱਕ ਹੋਣ ਤੇ ਮਾਹਿਰ ਡਾਕਟਰ ਨਾਲ ਸੰਪਰਕ ਕੀਤਾ ਜਾਵੇ।

**ਆਸਟੀਰੋਪੋਰੋਸਿਸ**—ਇਸ ਬਿਮਾਰੀ ਦਾ ਨਾਮ ਆਮ ਤੌਰ 'ਤੇ ਔਰਤਾਂ ਨੇ ਨਹੀਂ ਸੁਣਿਆ ਹੋਵੇਗ। ਇਹ ਹੱਡੀ ਦੀ ਇਕ ਅਵੱਸਥਾ ਹੁੰਦੀ ਹੈ। ਜਿਸ ਵਿਚ ਉਮਰ ਦੇ ਹਿਸਾਬ ਨਾਲ ਹੱਡੀਆਂ ਮੁਲਾਇਮ ਹੋ ਕੇ ਚਿਟਕਲ ਲੱਗਦੀਆਂ ਹਨ। ਇਸਦਾ ਇਲਾਜ ਥੋੜਾ ਔਖਾ ਹੋ ਜਾਂਦਾ ਹੈ ਕਿਉਂਕਿ ਜਦ ਤੱਕ ਇਸ ਬਿਮਾਰੀ ਦਾ ਪੱਤਾ ਲੱਗਦਾ ਹੈ ਤਾਂ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ। ਇਸ ਬਿਮਾਰੀ ਦਾ ਕਾਰਨ ਕੈਲਸ਼ੀਅਮ ਦੀ ਕਮੀ ਹੀ ਹੁੰਦਾ ਹੈ। ਪਰ ਜੇਕਰ ਨਿਰੰਤਰ ਕਸਰਤ ਕੀਤੀ ਜਾਵੇ ਅਤੇ ਕੈਲਸ਼ੀਅਮ ਦੀ ਲੁੜੀਂਦੀ ਮਾਤਰਾ ਲਈ ਜਾਵੇ ਤਾਂ ਇਸ ਬਿਮਾਰੀ ਤੋਂ ਬੱਚਿਆ ਜਾ ਸਕਦਾ ਹੈ।

**ਦਿਲ ਦਾ ਦੌਰਾ**—ਔਰਤਾਂ ਵਿਚ ਮਰਦਾਂ ਦੇ ਮੁਕਾਬਲੇ ਦਿਲ ਦੇ ਦੌਰੇ ਦੇ ਲੱਛਣ ਬਹੁਤ ਹੀ ਵੱਖਰੇ ਹੁੰਦੇ ਹਨ। ਆਮ ਤੌਰ 'ਤੇ ਕਿਸੇ ਔਰਤ ਦੇ ਦਿਲ ਦੇ ਦੌਰੇ ਨਾਲ ਮਰਨ ਦੇ ਅੰਕੜੇ ਬਹੁਤ ਘੱਟ ਹਨ ਪਰ ਫਿਰ ਵੀ ਇਸ ਬਿਮਾਰੀ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ ਹੈ।

ਅੱਜ ਦੀ ਭੱਜ ਦੌੜ ਦੀ ਜ਼ਿੰਦਗੀ ਵਿਚ ਔਰਤਾਂ ਵੀ ਇਸ ਬਿਮਾਰੀ ਵੱਲ ਤੇਜ਼ੀ ਨਾਲ ਵੱਧ ਰਹੀਆਂ ਹਨ।



**ਤਣਾਅ**—ਔਰਤ ਜਦ ਕਰੀਬ 40 ਸਾਲ ਦੀ ਉਮਰ ਤੱਕ ਪੁੱਜਦੀ ਤਾਂ ਇਸ ਵਿਚ ਹਾਰਮੋਨਜ਼ ਤਬਦੀਲੀਆਂ ਸ਼ੁਰੂ ਹੋ ਜਾਂਦੀਆਂ ਹਨ। ਇਹੀ ਤਣਾਓ ਦੀ ਇਕ ਮੁੱਖ ਵਜਾਹ ਹੈ। ਕਈ ਵਾਰ ਇਸ ਨੂੰ ਗੰਭੀਰਤਾ ਨਾਲ ਨਹੀਂ ਲਿਆ ਜਾਂਦਾ ਪਰ ਜਦ ਇਹ ਬਿਮਾਰੀ ਵੱਧ ਜਾਂਦੀ ਹੈ ਤਾਂ ਕਈ ਗੰਭੀਰ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ।

**ਛਾਤੀ ਅਤੇ ਬੱਚੇਦਾਨੀ ਦਾ ਕੈਂਸਰ**—ਛਾਤੀ ਦਾ ਕੈਂਸਰ ਔਰਤਾਂ ਵਿਚ ਨੰਬਰ ਇਕ ਮਾਰੂ ਰੋਗ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਚਾਹੇ 20 ਸਾਲ ਦੀ ਹੋਵੇ ਜਾਂ 40 ਸਾਲ ਦੀ ਔਰਤ ਜਿਸਨੂੰ ਆਪਣੇ ਲਈ 5 ਮਿੰਟ ਦਾ ਸਮਾਂਕਰਕੇ ਆਪਣੀ ਛਾਤੀ ਜੀ ਜਾਂਚ ਕਰਨੀ ਚਾਹੀਦੀ ਹੈ। ਬੱਚੇਦਾਨੀ ਦਾ ਕੈਂਸਰ ਯੋਨ ਸਬੰਧਾਂ ਕਰਕੇ ਫੈਲਦਾ ਹੈ ਪਰ ਸਮੇਂ ਸਿਰ ਇਲਾਜ ਕਰਵਾਉਣ ਨਾਲ ਇਹ ਪੂਰੀ ਤਰ੍ਹਾਂ ਠੀਕ ਹੋ ਜਾਂਦਾ ਹੈ।

**ਪੀ.ਸੀ.ਓ.ਐਸ.**—ਜੇਕਰ ਲੜਕੀ/ਔਰਤ ਜਵਾਨ ਹੈ ਅਤੇ ਉਸਨੂੰ ਮਾਹਵਾਰੀ ਸਮੇਂ ਸਿਰ ਨਹੀਂ ਆਉਂਦੀ ਤਾਂ ਪੋਲੀਸਿਟਰਿਕ ਓਵਰੀਜ਼ ਦਾ ਖਤਰਾ ਹੈ। ਅੱਜ ਕੱਲ੍ਹ ਦੀ ਭੱਜ ਦੌੜ ਦੀ ਜ਼ਿੰਦਗੀ ਅਤੇ ਸੰਪੂਰਨ ਆਹਾਰ ਨਾ ਹੋਣ ਕਰਕੇ ਇਸ ਬਿਮਾਰੀ ਨੂੰ ਦਾਅਵਤ ਮਿਲਦੀ ਹੈ। ਅੰਕੜਿਆਂ ਮੁਤਾਬਿਕ ਹਰ ਤਿੰਨਾਂ ਵਿਚੋਂ ਇਕ ਔਰਤ ਇਸ ਸਮੱਸਿਆ ਨਾਲ ਜੂਝ ਰਹੀ ਹੈ। ਇਸ ਤੋਂ ਬਚਣ ਲਈ ਭਾਰ ਉੱਪਰ ਕੰਟਰੋਲ ਅਤੇ ਸੰਤੁਲਿਤ ਆਹਾਰ ਲੈਣਾ ਜ਼ਰੂਰੀ ਹੈ।

# Gold Key INSURANCE

Number 1 in the Community for 25 Years.

Explore Your Options



Home | Condo | Rental | Tenants
Business | CGL Liability | Property
Trucking | Cargo | Fleet |Equipment
Construction | Contractor | Farm
Travel | Super Visa | Medical
Auto | Marine | Motorcycle
and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

**TEL : 604 502 0441**

ICBC Online and Delivery available.

ਪੰਜਾਬੀ
हिंदी

| | | | |
|---|---|---|---|
| **SURREY** (604) 502 - 0441 FAX (604) 502-0417 | 5-8430 128TH ST. SURREY, BC V3W 4G3 | MON-FRI<br>SATURDAY<br>SUNDAY | 8 AM - 8 PM<br>9 AM - 6 PM<br>9 AM - 5 PM |
| **VANCOUVER** (604) 325 - 1241 FAX (604) 325-1414 | 4038 KNIGHT ST. VANCOUVER, BC V5N 5Y7 | MON-FRI<br>SATURDAY<br>SUNDAY | 9 AM - 8 PM<br>9 AM - 5 PM<br>9 AM - 5 PM |

ICBC autoplan

**OPEN 7 DAYS**

www.goldkeyinsurance.ca


fruiticana
Diwali FREE GIVEAWAY 2021
Oct 4th to Nov 1st
fruiticana hee jaana!
ITEMS MAY NOT BE THE SAME
WINNER EVERY DAY
ENTER TO WIN FREE PRIZES EVERYDAY
PLEASE GET YOUR COUPON FROM THE CASHIER
HOME APPLIANCES
Sponsored by
Teja
BRAR'S SAMOSAS
BRAR'S DAIRY
SHER
Happy Thanksgiving
LOWEST PRICES IN TOWN ਸ਼ਹਿਰ ਦੇ ਸੱਭ ਤੋਂ ਘੱਟ ਦਾਮ
Green or Red Seedless Grapes
ਅੰਗੂਰ ਲਾਲ ਜਾਂ ਹਰੇ (ਬਿਨਾਂ ਬੀਜ ਤੋਂ)
$1.98 lb
Opo Squash
ਓਪੋ ਕੱਦੂ
88¢ lb
Pomegranate (Anar)
ਅਨਾਰ
$1.49 ea.
Small Taro (Urbi)
ਅਰਬੀ (ਛੋਟੀ ਤਾਰੋ)
89¢ lb
Black Plums
ਆਲੂਬੁਖਾਰਾ
$1.49 lb
Sweet Potatoes & Yams
ਸ਼ਕਰਕੰਦੀ
88¢ lb
Butter Delight Cookies
ਬਟਰ ਕੁਕੀਜ਼ 75 ਗ੍ਰਾਮ 75 g
2 for 99¢
Extra Extra Super Special
Golden Temple Flour 20 lbs
ਗੋਲਡਨ ਟੈਂਪਲ ਆਟਾ
$10.99 bag
Extra Super Super Special
Sher Besan (Chana Flour) 4 lbs
ਸ਼ੇਰ ਵੇਸਣ
$3.98 bag
Extra Super Super Special
Okra
ਭਿੰਡੀ
$1.98 lb
Super Special
Cilantro
ਧਨੀਆ
3 bunches for 99¢
Super Special
Indican Red Lentil Whole 4 lbs
ਇੰਡੀਕੇਨ ਸਾਬਤ ਮਸਰਾਂ ਦੀ ਦਾਲ
$2.99 bag
Super Special
Punjabi Pure Cane Sugar (Indican) 8 lbs
ਇੰਡੀਕੇਨ ਪੰਜਾਬੀ ਗੰਨੇ ਦੀ ਚਿੱਟੀ ਖੰਡ
$5.99 bag
Super Special
Punjabi Cookies New Crunch & Indican 2.2 lbs
ਪੰਜਾਬੀ ਕੁਕੀਜ਼ ਨਵੀਂ ਕ੍ਰੰਚ ਅਤੇ ਇੰਡੀਕੇਨ
$3.99 pkg.
Super Special
Yellow Onions 50 lbs
ਪੀਲੇ ਗੰਢੇ
$10.98 bag
Super Special
Brussel Sprout
ਬ੍ਰਸਲਸ ਸਪ੍ਰਾਊਟਸ
$1.98 lb
Russet Potatoes Snoboy USA #1 10 lbs
ਆਲੂ ਰਸਟ ਸਨੋਬੁਆਏ ਯੂ.ਐਸ.ਏ #੧
$2.99 bag
BC Gala & Ambrosia Apples
ਬੀਸੀ ਗਾਲਾ ਅਤੇ ਅੰਬਰੋਸਿਯਾ ਸੇਬ
78¢ lb
Red Delicious Apples BC
ਲਾਲ ਸਵਾਦ ਸੇਬ ਬੀਸੀ
59¢ lb
Sunbec Table Salt 1 kg
ਸਨਬਿੱਕ ਲੂਣ
98¢ ea.
Pink Lady Apples
ਪੀਂਕ ਲੇਡੀ ਐਪਲ
98¢ lb
Red, Yellow & Orange Bell Peppers
ਸ਼ਿਮਲਾ ਮਿਰਚਾਂ (ਲਾਲ, ਪੀਲੀਆਂ ਅਤੇ ਸੰਤਰੀ)
98¢ lb
Green Cabbage BC
ਹਰੀ ਬੰਦ ਗੋਭੀ ਬੀਸੀ
48¢ lb
Butter Delight Cookies 600 g
ਬਟਰ ਕੁਕੀਜ਼ 600 ਗ੍ਰਾਮ
$2.99 pkg.
Marie Cookies (Parliament) 250 g
ਪਾਰਲੀਮੈਂਟ ਮੈਰੀ ਕੁਕੀਜ਼ 250 ਗ੍ਰਾਮ
99¢ pkg.
Marie Cookies 83.9 g
ਮੈਰੀ ਕੁਕੀਜ਼ 83.9 ਗ੍ਰਾਮ
2 for 99¢
Cashew Crunch Cookies (Parliament) 600 g
ਕਾਜੂ ਕਰੰਚ ਕੁਕੀਜ਼
$2.99 pkg.
KTC Red Kidney Beans 398 ml
ਕੇ ਟੀ ਸੀ ਰੈੱਡ ਕਿਡਨੀ ਬੀਨਜ਼ 398 ਮਿ.ਲੀ.
2 for $1.50
Pesi Gur Plain
ਪੇਸੀ ਗੁੜ
$2.49 lb
Indican Basmati Rice 8 lbs
ਇੰਡੀਕੇਨ ਬਾਸਮਤੀ ਚੌਲ
$6.98 bag
Product images may differ from the actual product.
Thur Oct 07, 2021 - Wed Oct 13, 2021
We reserve the right to limit the quantities while they last
NEW LOCATION NOW OPEN
101-331 6TH STREET
NEW WESTMINSTER, BC
TEL: 604-395-3595
Head Office: 7676 Anvil Way, Surrey
604-502-0005
www.fruiticana.com
BUSINESS HOURS
9 AM - 9 PM
7 DAYS A WEEK
Newton ----------- 13783 72nd Ave. Surrey ---- 604-590-2080
Newton ----------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ----------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. ---------------- 236-317-6272
Surrey ------------ 12990 72nd Ave. ------------- 604-503-5510
Surrey ------------ 12788 76A Ave. Surrey ----- 604-597-1676
Surrey ------------ 16788 64 Ave. ---------------- 604-372-2023
Surrey ------------ 101-7228 192St. -------------- 604-575-3750
Abbotsford ------ 2785 Bourquin Crescent W. 604-744-0328
Abbotsford ------ 31205 Maclure Rd. ----------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. --------------- 604-321-9931
Richmond-------- 4101 No.5 Rd. ----------------- 604-244-9520